
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 39
January 3, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪਣੇ ਇਸ਼ਤਿਹਾਰਦਾਤਾਵਾਂ, ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ ਅਤੇ ਕੁੱਲ ਲੋਕਾਈ ਨੂੰ **ਨਵੇਂ ਸਾਲ 2018 ਦੀਆਂ ਸ਼ੁਭਕਾਮਨਾਵਾਂ**


ਭੀਮਾ ਕੋਰੇਗਾਓ ਦੀ 200ਵੀਂ ਵਰ੍ਹੇਗੰਢ 'ਤੇ ਮੂਲ ਨਿਵਾਸੀ ਯੋਧਿਆਂ ਦੇ ਸੰਘਰਸ਼ ਨੂੰ ਅਦਾਰਾ 'ਦੇਸ਼ ਦੁਆਬਾ' ਸਲਾਮ ਕਰਦਾ ਹੈ।

# ਭੀਮਾ ਕੋਰੇਗਾਓ ਹਿੰਸਾ ਸਾਰੇ ਮਹਾਰਾਸ਼ਟਰ ਵਿਚ ਫੈਲੀ

## ਦੇਵੇਂਦਰ ਫੜਨਵੀਸ ਵੱਲੋਂ ਪੁਣੇ ਹਿੰਸਾ ਦੀ ਜੁਡੀਸ਼ਲ ਜਾਂਚ ਦੇ ਹੁਕਮ

**ਮੁੰਬਈ (ਬਿਊਰੋ)–** ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਬੀਤੇ ਦਿਨ ਭੀਮਾ ਕੋ-ਰੇਗਾਓਂ ਜੰਗ ਦੀ 200ਵੀਂ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਦੌਰਾਨ ਸੱਜੇ ਪੱਖੀਆਂ ਵੱਲੋਂ ਕੀਤੀ ਤੋੜ-ਭੰਨ ਤੇ ਇਸ ਦੌਰਾਨ ਇਕ ਵਿਅਕਤੀ ਦੀ ਹੋਈ ਮੌਤ ਖ਼ਿਲਾਫ਼ ਗੁੱਸੇ ਨੇ ਰਾਜਧਾਨੀ ਮੁੰਬਈ ਵੱਲ ਰੁਖ਼ ਕਰ ਲਿਆ। ਪ੍ਰਦਰਸ਼ਨਕਾਰੀਆਂ ਨੇ ਬੱਸਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਸੜਕੀ ਤੇ ਰੇਲ ਆਵਾਜਾਈ ਵਿੱਚ ਵੀ ਵਿਘਨ ਪਾਇਆ। ਇਸ ਦੌਰਾਨ ਪੁਣੇ ਵਿੱਚ ਪਿੰ-ਪਰੀ ਪੁਲਿਸ ਨੇ ਸੱਜੇਪੱਖੀ ਜਥੇਬੰਦੀਆਂ ਹਿੰਦੂ ਏਕਤਾ ਅਗ੍ਹਾੜੀ ਤੇ ਸ਼ਿਵਰਾਜ



ਪ੍ਰਤਿਸ਼ਠਾਨ ਦੇ ਮੁਖੀਆਂ ਕ੍ਰਮਵਾਰ ਮਿਲਿੰਦ ਏਕਬੋਟੇ ਤੇ ਸਾਂਬਾਜੀ ਭਿੰਡੇ ਖ਼ਿਲਾਫ਼ ਕਥਿਤ ਹਿੰਸਾ ਫੈਲਾਉਣ ਦੇ ਦੋਸ਼ 'ਚ ਕੇਸ ਦਰਜ ਕਰ ਲਿਆ ਹੈ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਜੰਗ ਵਿੱਚ ਬਰਤਾਨਵੀ ਨੂੰ ਮਿਲੀ ਜਿੱਤ ਲਈ ਮਨਾਏ ਜਾ ਰਹੇ ਜਸ਼ਨਾਂ ਦਾ ਵਿਰੋਧ ਕੀਤਾ ਸੀ।

ਇਸ ਦੇ ਨਾਲ ਮੁੱਖ ਮੰਤਰੀ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਨੇਤਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਤਰ੍ਹਾਂ ਦੇ ਬਿਆਨ ਨਾ ਦੇਣ ਜਿਸ ਨਾਲ ਵਿਵਾਦ ਹੋਰ ਵਧੇ । ਉਨ੍ਹਾਂ ਇਸ ਘਟਨਾ

**(ਬਾਕੀ ਸਫਾ 9 'ਤੇ)**

# ਟਰੰਪ ਦੇ ਬਿਆਨ ਤੋਂ ਬਾਅਦ ਪਾਕਿਸਤਾਨ ਡਰਿਆ

## ਅੱਬਾਸੀ ਨੇ ਕੈਬਨਿਟ ਅਤੇ ਕੌਮੀ ਸੁਰੱਖਿਆ ਕਮੇਟੀ ਦੀ ਮੀਟਿੰਗ ਸੱਦੀ

**ਇਸਲਾਮਾਬਾਦ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਾਕਿਸਤਾਨ 'ਤੇ ਲਾਏ ਗਏ ਦੋਸ਼ਾਂ ਤੋਂ ਬਾਅਦ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਅੱਬਾਸੀ ਨੇ ਕੈਬਨਿਟ ਅਤੇ ਕੌਮੀ ਸੁਰੱਖਿਆ ਕਮੇਟੀ ਦੀ ਮੀਟਿੰਗ ਸੱਦ ਲਈ ਹੈ। ਅਮਰੀਕਾ ਨੇ ਪਾਕਿਸਤਾਨ 'ਤੇ ਦੋਸ਼ ਲਾਇਆ ਸੀ ਕਿ ਉਹ 33 ਬਿਲੀਅਨ ਅਮਰੀਕੀ ਡਾਲਰਾਂ ਦੀ ਮਦਦ ਬਦਲੇ ਅਤਿਵਾਦੀਆਂ ਨੂੰ ਪਨਾਹ ਦੇ ਕੇ ਉਸ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ।



ਪਾਕਿਸਤਾਨ ਨੇ ਟਰੰਪ ਦੀ ਟਿੱਪਣੀ ਬਾਰੇ ਆਪਣਾ ਵਿਰੋਧ ਜਤਾਉਣ ਲਈ ਅਮਰੀਕੀ ਸਫੀਰ ਡੇਵਿਡ ਹੇਲ ਨੂੰ ਬੀਤੀ ਰਾਤ ਤਲਬ ਕੀਤਾ। ਕਿਉਂਕਿ ਵਿਦੇਸ਼ ਸਕੱਤਰ ਤਹਿਮੀਨਾ ਜੰਜੂਆ ਟਰੰਪ ਦੀ ਟਿੱਪਣੀ ਬਾਰੇ ਉਨ੍ਹਾਂ ਦਾ ਸਪਸ਼ਟੀਕਰਨ ਚਾਹੁੰਦੇ ਸੀ। ਅਮਰੀਕੀ ਸਫਾਰਤਖਾਨੇ ਦੇ ਬੁਲਾਰੇ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ।

ਟਰੰਪ ਦੇ ਨਵੇਂ ਵਰ੍ਹੇ ਦੇ ਪਹਿਲੇ ਟਵੀਟ ਨੂੰ ਪਾਕਿਸਤਾਨ

**(ਬਾਕੀ ਸਫਾ 9 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


ਮਨਜੀਤ ਕੌਰ
FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Email address: mkaur@farmersagent.com
Cell: 916-412-5222
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648

2081 Arena Blvd. @ 100 Sacramento CA 95835
916-628-2210
Dil.realtor@gmail.com

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Jasvinder Sandhu
Realtor CalBRE #01959230
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।

Jasvinder.sandhu@yahoo.com
Home Smart Icare Realty
916-770-9334
3300 Douglas Blvd., Suite 280 Roseville CA 95661

Amrik Chand (CPA)
Phone : 510-490-8200
Fax : 510-490-8202
Email : achand@pacbell.net


Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2018 ਦੀਆਂ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਨਾਲ-ਨਾਲ ਯੂਨੀਅਨ ਸਿਟੀ ਕਾਉਂਟੀ, ਜਿੱਥੇ ਅਸੀਂ ਨਵੇਂ ਸਾਲ ਦੀ ਹਾਰਦਿਕ ਵਧਾਈ ਦਿੰਦੇ ਹਾਂ, ਉਸਦੇ ਨਾਲ ਹੀ ਯੂਨੀਅਨ ਸਿਟੀ ਕਾਉਂਟੀ ਵੱਲੋਂ ਇੱਥੋਂ ਦੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਗੁਰੂ ਘਰ ਬਣਾਉਣ ਦੀ ਪ੍ਰਵਾਨਗੀ ਮਿਲਣ ਦੀ ਵੀ ਹਾਰਦਿਕ ਵਧਾਈ ਦਿੰਦੇ ਹਾਂ। ਯੂਨੀਅਨ ਸਿਟੀ ਕਾਉਂਟੀ ਦਾ ਵੀ ਬਹੁਤ-ਬਹੁਤ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਗੁਰੂ ਘਰ ਬਣਾਉਣ ਦੀ ਪ੍ਰਵਾਨਗੀ ਦਿੱਤੀ।

## ਰਾਮ ਮੂਰਤੀ ਸਰੋਏ ਅਤੇ ਸਮੂਹ ਪਰਿਵਾਰ



**Office: (510) 742-8120,**
**Cell; (510) 368-3983**

**39039 Paseo Padre Parkway Suite # 205 Fremont, CA 94538**

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**Kash FABRICS**




### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

**Appointments & Walk-Ins Welcome**
**Tuesday - Sunday: 11 AM - 8 PM**



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



**KASH FABRICS**
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

## INDIA BAZAAR




**INDIAN, PAKISTANI & FIJJIAN GROCERIES**

WE ARE OPEN
**7 DAYS A WEEK**
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO **HAPPY**
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

**EVERY SATURDAY & SUNDAY SPECIAL DISCOUNT ON GROCERIES**

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



## ਨਵਾਂ ਸਾਲ 2018 ਮੁਬਾਰਕ



## Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

## Dharminder Singh

**Cell : 530-870-6600**

**Email: myfuturetruck@gmail.com**

## Raja

SWEETS & CATERING

AUTHORIZED CATERER FOR MAJOR 5-STAR HOTELS



**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

## INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

### Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

| SACRAMENTO | WALK INS WELCOME | ROSEVILLE |
|---|---|---|
| 5203 EKLHORN BLVD SACRAMENTO CA 95842 | | 1265 PLEASANT GROVE BLVD. # 100 ROSEVILLE, CA 95747 |
| 916- 338-5511 | | 916- 786-7666 |

Cell : 916-798-8142

Email: IndiaMarketRoseville@gmail.com

# 5ਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਫਰੀਮਾਂਟ 'ਚ 7 ਜਨਵਰੀ ਨੂੰ, ਤਿਆਰੀਆਂ ਮੁਕੰਮਲ, ਕਲਾਕਾਰ ਕੈਲੀਫੋਰਨੀਆਂ ਪੁੱਜੇ

**ਫਰੀਮਾਂਟ (ਬਿਓਰੋ)–** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ. ਐੱਸ ਅਸ਼ੋਕ ਭੌਰਾ ਵਲੋਂ ਸ੍ਰ. ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਅਗਵਾਈ ਹੇਠ ਕਰਵਾਏ ਜਾ ਰਹੇ '5ਵੇਂ ਛਣਕਾਟਾ ਵੰਗਾਂ ਦਾ 2018' ਪ੍ਰੋਗਰਾਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਕਮੇਡੀ ਕਿੰਗ ਵਜੋਂ ਜਾਣੇ ਜਾਂਦੇ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਦੇ ਪੰਜਾਬ ਤੋਂ ਉਚੇਚੇ ਤੌਰ ਤੇ ਕੈਲੇਫੋਰਨੀਆਂ ਪੁੱਜਣ ਮੌਕੇ ਸਵਾਗਤ ਕਰਨ ਵਾਲੀਆਂ ਉੱਘੀਆਂ ਸਖਸ਼ੀਅਤਾਂ ਵਿਚ ਸ੍ਰ. ਅਮੋਲਕ ਸਿੰਘ ਗਾਖਲ, ਸੁਰਜੀਤ ਸਿੰਘ ਟੁੱਟ, ਰਾਣਾ ਟੁੱਟ, ਇੰਦਰਜੀਤ ਸਿੰਘ ਥਿੰਦ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸੁਰਿੰਦਰ ਮਹੇ ਪਟਵਾਰੀ ਆਦਿ ਸ਼ਾਮਿਲ ਸਨ। ਇਸ ਮੌਕੇ ਤੇ ਬੋਲਦਿਆਂ ਗੁਰਦੇਵ ਢਿੱਲੋਂ ਨੇ ਕਿਹਾ ਕਿ ਉਹ ਤਕਰੀਬਨ ਡੇਢ ਦਹਾਕੇ ਪਿੱਛੋਂ ਅਮਰੀਕਾ ਆਏ ਹਨ ਅਤੇ ਹਾਸਿਆਂ ਤੋਂ ਦੂਰ ਹੁੰਦੇ ਜਾ ਰਹੇ ਪੰਜਾਬੀਆਂ ਨੂੰ ਆਪਣੀ ਕਮੇਡੀ ਰਾਹੀਂ ਮਨੋਰੰਜਨ ਪ੍ਰਦਾਨ ਕਰਨ ਦਾ ਯਤਨ ਕਰਨਗੇ। ਰਾਣਾ ਟੁੱਟ, ਅਮੋਲਕ ਸਿੰਘ ਗਾਖਲ ਤੇ ਇੰਦਰਜੀਤ ਸਿੰਘ ਥਿੰਦ ਨੇ ਐੱਸ ਅਸ਼ੋਕ ਭੌਰਾ ਵਲੋਂ ਆਏ ਵਰ੍ਹੇ ਕਰਵਾਏ ਜਾਂਦੇ ਇਸ ਸੰਗੀਤਕ ਪ੍ਰੋਗਰਾਮ ਦੀ ਪੰਜਾਬੀਆਂ ਵਿਚ ਪ੍ਰਵਾਨਗੀ ਦੀ ਪ੍ਰਸ਼ੰਸਾ ਕੀਤੀ। ਯਾਦ ਰਹੇ ਕਿ 7 ਜਨਵਰੀ 2018 ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ, ਫਰੀਮਾਂਟ ਵਿਖੇ ਦੁਪਿਹਰ 12 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਏ ਜਾ ਰਹੇ ਪ੍ਰੋਗਰਾਮ ਵਿਚ ਪੰਜਾਬ ਦੀ ਉੱਘੀ ਲੋਕ ਗਾਇਕਾ ਅੰਮ੍ਰਿਤਾ ਵਿਰਕ, 'ਪਿੰਡਾਂ ਵਾਲੇ' ਫੇਮ ਗਾਇਕਾ ਸੋਨਾ ਵਾਲੀਆ, 'ਛੋਰਾ ਹਰਿਆਣੇ ਕਾ' ਫੇਮ ਸੱਤੀ ਸਤਵਿੰਦਰ, ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਣ ਹੋਣਗੇ। ਜਦੋਂ ਕਿ ਅਨੂਪ ਚੀਮਾ, ਸੱਤੀ ਪਾਬਲਾ, ਤਰਲੋਕ ਸਿੰਘ ਵੀ ਆਪਣੀ ਗਾਇਕੀ ਦਾ ਰੰਗ ਬਿਖੇਰਨਗੇ। ਪ੍ਰੋਗਰਾਮ ਦੇ ਟਾਈਟਲ ਗੀਤ ਨੂੰ ਵੀ ਜਯਾ ਸ਼ਰਮਾ ਦੀ ਅਗਵਾਈ ਵਾਲੀ ਡਾਂਸ ਕ੍ਰਿਸ਼ਮਾ ਅਕੈਡਮੀ ਦੀਆਂ ਕਾਲਾਕਾਰਾਂ ਨੇ ਕੋਰੀਓਗ੍ਰਾਫੀ ਦੇ ਰੂਪ ਵਿਚ ਤਿਆਰ ਕੀਤਾ ਹੈ। ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਹੋਵੇਗੀ। ਮੰਚ ਸੰਚਾਲਨ ਸ਼ਕਤੀ ਮਾਣਕ ਕਰੇਗੀ ਅਤੇ ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਦੀ ਕੋਈ ਟਿਕਟ ਜਾਂ ਦਾਖਲਾ ਫੀਸ ਨਹੀਂ ਹੈ। ਇਹ ਨਿਰੋਲ ਸਿਹਤਮੰਦ ਸੰਗੀਤਕ ਪਰਿਵਾਰਕ ਪ੍ਰੋਗਰਾਮ ਹੋਵੇਗਾ। ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਕਰਨਗੇ। ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸੁੱਖੀ ਬਾਠ 'ਤੇ ਹਰਜਿੰਦਰ ਕੁਮਾਰ ਪਹਿਲਵਾਨ, ਨਛੱਤਰ ਸਿੰਘ ਗੋਸਲ, ਮਨਪ੍ਰੀਤ ਸਿੰਘ ਗੋਸਲ, ਕੁਲਦੀਪ ਸਿੰਘ ਘੁੰਮਣ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋ ਰਹੇ ਹਨ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਮਨਵੀਰ ਭੌਰਾ ਨਾਲ ਫੋਨ ਨੰਬਰ 510-695-4836 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਅੰਮ੍ਰਿਤਾ ਵਿਰਕ


ਗੁਰਦੇਵ ਢਿੱਲੋਂ (ਭਜਨਾ ਅਮਲੀ) ਦਾ ਸਵਾਗਤ ਕਰਦੇ ਹੋਏ ਅਮੋਲਕ ਸਿੰਘ ਗਾਖਲ, ਸੁਰਜੀਤ ਟੁੱਟ, ਰਾਣਾ ਟੁੱਟ, ਇੰਦਰਜੀਤ ਥਿੰਦ ਅਤੇ ਸਹੋਤਾ ਬ੍ਰਦਰਜ਼ ਦੇ ਜੁਗਰਾਜ ਸਿੰਘ ਤੇ ਨਰਿੰਦਰ ਸਿੰਘ ਸਹੋਤਾ।


ਸੱਤੀ ਸਤਵਿੰਦਰ


ਸੋਨਾ ਵਾਲੀਆ

# ਧੁੰਦ ਕਾਰਨ ਪੰਜਾਬ ਵਿਚ ਸੜਕ ਹਾਦਸੇ ਤੇਜੀ ਨਾਲ ਵਧੇ

**ਚੰਡੀਗੜ੍ਹ–** ਪੰਜਾਬ ਵਿੱਚ ਬਿਆਸ, ਤਰਨ ਤਾਰਨ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਹੋਏ ਸੜਕ ਹਾਦਸਿਆਂ ਵਿੱਚ ਇਕੋ ਦਿਨ ਵਿਚ 13 ਵਿਅਕਤੀ ਮਾਰੇ ਗਏ ਹਨ ਅਤੇ ਅੱਠ ਜਣੇ ਜ਼ਖ਼ਮੀ ਹੋਏ ਹਨ। ਜਲੰਧਰ-ਅੰਮ੍ਰਿਤਸਰ ਰੋਡ 'ਤੇ ਕਸਬਾ ਬਿਆਸ 'ਚ ਗੰਨਿਆਂ ਦੀ ਭਰੀ ਟਰਾਲੀ ਤੇ ਕਾਰ ਦਰਮਿਆਨ ਟੱਕਰ 'ਚ 4 ਵਿਅਕਤੀਆਂ ਦੀ ਮੌਤ ਹੋ ਗਈ ਤੇ ਚਾਰ ਜਣੇ ਫੱਟੜ ਹੋਏ ਹਨ। ਜਲੰਧਰ ਤੋਂ ਅੰਮ੍ਰਿਤਸਰ ਵੱਲ ਜਾਂਦੇ ਸਮੇਂ ਬਿਆਸ ਫਲਾਈਓਵਰ 'ਤੇ ਗੰਨੇ ਨਾਲ ਲੱਦੀ ਟਰਾਲੀ ਦੀ ਹੁੱਕ ਟੁੱਟ ਗਈ, ਜਿਸ ਕਾਰਨ ਟਰੈਕਟਰ ਚਾਲਕ ਕਰਨੈਲ ਸਿੰਘ ਵਾਸੀ ਪੰਡੋਰੀ ਜ਼ਖ਼ਮੀ ਹੋ ਗਿਆ। ਗੰਨੇ ਵਾਲੀ ਟਰਾਲੀ ਪਿੱਛੇ ਕਾਰ (ਪੀਬੀ-02 ਸੀਸੀ 5100) ਆ ਵੱਜੀ, ਜਿਸ 'ਚ 7 ਵਿਅਕਤੀ ਸਵਾਰ ਸਨ। ਇਨ੍ਹਾਂ 'ਚੋਂ ਸੁਰਜੀਤ ਸਿੰਘ ਵਾਸੀ ਪ੍ਰੀਤ ਨਗਰ ਸੋਡਲ ਰੋਡ (ਜਲੰਧਰ), ਜਪਜੋਤ (4) ਪੁੱਤਰ ਗੁਰਪ੍ਰੀਤ ਸਿੰਘ, ਨੂਰ (3) ਪੁੱਤਰ ਭੁਪਿੰਦਰ ਸਿੰਘ, ਗੁਰਪ੍ਰੀਤ ਕੌਰ (ਸਿੰਮੀ) ਪਤਨੀ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ ਹੈ ਅਤੇ ਰਵਿੰਦਰ ਸਿੰਘ, ਪ੍ਰੇਮ ਕੌਰ ਤੇ ਗੁਰਪ੍ਰੀਤ ਕੌਰ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਦਾ ਕਾਰਨ ਓਵਰਲੋਡ ਟਰੈਕਟਰ-ਟਰਾਲੀ ਮੰਨੀ ਜਾ ਰਹੀ ਹੈ। ਤਰਨ ਤਾਰਨ (ਗੁਰਬਖਸ਼ਪੁਰੀ): ਪਿੰਡ ਰਸੂਲਪੁਰ ਨੇੜੇ ਅੱਜ ਸਵੇਰੇ ਸੜਕ ਹਾਦਸੇ 'ਚ ਮੋਗਾ ਵਾਸੀ ਭਗਵਾਨ ਦਾਸ (63), ਉਸ ਦੀ ਪਤਨੀ ਸਰੋਜ ਰਾਣੀ (60) ਅਤੇ ਉਨ੍ਹਾਂ ਦੇ ਕਾਰ ਚਾਲਕ ਹਰਨੇਕ ਸਿੰਘ ਦੀ ਮੌਤ ਹੋ ਗਈ। ਇਸ ਜੋੜੇ ਦੀ ਕੁੜੀ ਸਮਾਈਲ ਜ਼ਖ਼ਮੀ ਹੋ ਗਈ ਹੈ। ਕਾਰ ਸਵਾਰ ਮੋਗਾ ਤੋਂ ਬਿਆਸ ਦੇ ਰਾਧਾਸੁਆਮੀ ਡੇਰੇ ਵੱਲ ਸਵਿਫਟ ਕਾਰ (ਡੀਐੱਲ 7 ਸੀਐੱਚ 7262) ਵਿੱਚ ਜਾ ਰਹੇ ਸਨ ਅਤੇ ਰਸੂਲਪੁਰ ਨੇੜੇ ਉਨ੍ਹਾਂ ਦੀ ਕਾਰ ਨੂੰ ਸਾਹਮਣਿਓਂ ਆ ਰਹੇ ਟਰੱਕ (ਪੀਬੀ 02 ਸੀਸੀ 6797) ਨੇ ਟੱਕਰ ਮਾਰ ਦਿੱਤੀ। ਥਾਣਾ ਸਦਰ ਪੁਲੀਸ ਨੇ ਟਰੱਕ ਚਾਲਕ ਜਸਬੀਰ ਸਿੰਘ ਵਾਸੀ ਦੁਧਾਲਾ (ਅੰਮ੍ਰਿਤਸਰ) ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਦੌਰਾਨ ਰਣਜੀਤ ਸਿੰਘ ਆਪਣੇ ਚਚੇਰੇ ਭਰਾ ਸੁਖਚੈਨ ਸਿੰਘ ਨਾਲ ਮੋਟਰਸਾਈਕਲ 'ਤੇ ਚੱਬਾ ਦੇ ਗੁਰਦੁਆਰਾ ਟਾਹਲਾ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ ਅਤੇ ਪਿੰਡ ਦੋਬੁਰਜੀ ਨੇੜੇ ਸਾਹਮਣਿਓਂ ਆ ਰਹੀ ਤੇਜ਼ ਰਫ਼ਤਾਰ ਇੰਡੀਕਾ ਕਾਰ (ਪੀਬੀ 10 ਬੀਜ਼ੈਡ 0197) ਨੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ, ਜਿਸ ਨਾਲ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਸੁਖਚੈਨ ਜ਼ਖ਼ਮੀ ਹੋ ਗਿਆ। ਪੁਲੀਸ ਨੇ ਕਾਰ ਚਾਲਕ ਰਵਿੰਦਰਜੀਤ ਸਿੰਘ ਵਾਸੀ ਲੰਡੇਕੇ (ਮੋਗਾ) ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਹੁਸ਼ਿਆਰਪੁਰ (ਹਰਪ੍ਰੀਤ ਕੌਰ)- ਕੱਲ੍ਹ ਰਾਤ ਵਿਆਹ ਤੋਂ ਪਰਤ ਰਿਹਾ ਪਰਿਵਾਰ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ 'ਚ ਪਤੀ-ਪਤਨੀ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ। ਹਰਜਿੰਦਰ ਸਿੰਘ (41), ਉਸ ਦੀ ਪਤਨੀ ਕੁਲਵਿੰਦਰ ਕੌਰ (38), ਰਿਸ਼ਤੇਦਾਰ ਸੁਰਿੰਦਰ ਕੌਰ (35), ਮੋਹਨ ਸਿੰਘ ਤੇ ਹਰਪ੍ਰੀਤ ਕੌਰ ਵਾਸੀ ਪਿੰਡ ਨੀਲਾ ਨਲੋਆ ਮਾਰੂਤੀ ਕਾਰ (ਪੀ.ਬੀ-07-ਐਲ-5433) 'ਚ ਵਿਆਹ ਤੋਂ ਵਾਪਸ ਪਿੰਡ ਆ ਰਹੇ ਸਨ।

ਜਦੋਂ ਉਹ ਬਸੀ ਵਜੀਦ ਨੇੜੇ ਪੁੱਜੇ ਤਾਂ ਸਾਹਮਣਿਓਂ ਆ ਰਹੀ ਤੇਜ਼ ਰਫ਼ਤਾਰ ਔਡੀ ਕਾਰ (ਪੀ.ਬੀ-08-ਸੀ.ਐਫ-0044) ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਮਾਰੂਤੀ ਕਾਰ ਸਵਾਰ ਪੰਜ ਜਣੇ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਹਰਜਿੰਦਰ ਸਿੰਘ ਤੇ ਸੁਰਿੰਦਰ ਕੌਰ ਦੀ ਮੌਤ ਹੋ ਗਈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION

2680 N TRACY BLVD, SUITE 4, TRACY, CA 95376

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਰਾਸ਼ਟਰਪਤੀ ਟਰੰਪ ਨੇ ਪਾਕਿ ਨੂੰ ਦਿੱਤੀ ਸਖਤ ਚਿਤਾਵਨੀ

**ਵਾਸ਼ਿੰਗਟਨ (ਬਿਊਰੋ)–** ਪਾਕਿਸਤਾਨ ਨੂੰ ਹੁਣ ਤਕ ਦੀ ਸਭ ਤੋਂ ਸਖ਼ਤ ਚਿਤਾਵਨੀ ਜਾਰੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਦੱਖਣ ਏਸ਼ਿਆਈ ਮੁਲਕ ਨੇ ਅਮਰੀਕਾ ਨਾਲ ਹਮੇਸ਼ਾ ਝੂਠ ਬੋਲਿਆ ਅਤੇ ਧੋਖਾ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਪਨਾਹਗਾਹਾਂ ਮੁਹੱਈਆ ਕਰਵਾਈਆਂ ਹਨ। ਤਿੱਖੇ ਸ਼ਬਦਾਂ 'ਚ ਕੀਤੇ ਗਏ ਟਵੀਟ 'ਚ ਟਰੰਪ ਨੇ ਕਿਹਾ,''ਅਮਰੀਕਾ ਨੇ ਬੇਵਕੂਫ਼ੀ ਕਰਕੇ ਪਿਛਲੇ 15 ਸਾਲਾਂ ਦੌਰਾਨ ਪਾਕਿਸਤਾਨ ਨੂੰ 33 ਅਰਬ ਡਾਲਰ ਤੋਂ ਵੱਧ ਦੀ ਸਹਾਇਤਾ ਦਿੱਤੀ। ਪਰ ਉਨ੍ਹਾਂ ਸਾਨੂੰ ਸਿਰਫ਼ ਝੂਠ ਅਤੇ ਧੋਖਾ ਹੀ ਦਿੱਤਾ ਜੋ ਸਾਡੇ ਆਗੂਆਂ ਨੂੰ ਮੂਰਖ ਹੀ ਸਮਝਦੇ ਰਹੇ।'' ਸਾਲ ਦੇ ਪਹਿਲੇ ਟਵੀਟ 'ਚ ਟਰੰਪ ਨੇ ਕਿਹਾ ਕਿ ਪਾਕਿਸਤਾਨ ਨੇ ਦਹਿਸ਼ਤਗਰਦਾਂ ਨੂੰ ਆਪਣੇ ਮੁਲਕ 'ਚ ਪਨਾਹ ਦਿੱਤੀ ਜਦੋਂਕਿ ਅਮਰੀਕਾ ਦਹਿਸ਼ਤਗਰਦਾਂ ਦੀ ਅਫ਼ਗਾਨਿਸਤਾਨ 'ਚ ਭਾਲ ਕਰਦਾ ਰਿਹਾ ਅਤੇ ਉਸ ਨੂੰ ਕੋਈ ਸਹਾਇਤਾ ਵੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਪਾਣੀ ਹੁਣ ਸਿਰ ਉਪਰੋਂ ਲੰਘ ਗਿਆ ਹੈ ਅਤੇ ਅਮਰੀਕਾ ਹੁਣ ਪਾਕਿਸਤਾਨ ਦੀਆਂ ਗੱਲਾਂ 'ਚ ਨਹੀਂ ਆਉਣ ਵਾਲਾ। ਅਮਰੀਕੀ ਰਾਸ਼ਟਰਪਤੀ ਵੱਲੋਂ ਦਿੱਤੀ ਗਈ ਇਹ ਸਭ ਤੋਂ ਸਖ਼ਤ ਚਿਤਾਵਨੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ



ਅਗਸਤ 'ਚ ਆਪਣੀ ਨਵੀਂ ਦੱਖਣ ਏਸ਼ੀਆ ਨੀਤੀ ਸਮੇਂ ਟਰੰਪ ਨੇ ਪਾਕਿਸਤਾਨ ਨੂੰ ਖ਼ਬਰਦਾਰ ਕੀਤਾ ਸੀ ਕਿ ਜੇਕਰ ਉਹ ਅਮਰੀਕਾ ਨੂੰ ਦਹਿਸ਼ਤਗਰਦੀ ਖ਼ਿਲਾਫ਼ ਲੜਨ 'ਚ ਸਹਿਯੋਗ ਨਹੀਂ ਦੇਵੇਗਾ ਤਾਂ ਉਸ ਖ਼ਿਲਾਫ਼ (ਪਾਕਿਸਤਾਨ) ਸਖ਼ਤ ਕਦਮ ਚੁੱਕੇ ਜਾਣਗੇ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਕੁਝ ਦਿਨ ਪਹਿਲਾਂ ਨਿਊ ਯਾਰਕ ਟਾਈਮਜ਼ ਨੇ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ ਕਿ ਅਮਰੀਕਾ 22.5 ਕਰੋੜ ਡਾਲਰ ਦੀ ਪਾਕਿਸਤਾਨ ਨੂੰ ਸਹਾਇਤਾ ਰੋਕੀ ਰੱਖਣ ਬਾਰੇ ਵਿਚਾਰਾਂ ਕਰ ਰਿਹਾ ਹੈ ਜਿਸ ਤੋਂ ਇਹੋ ਪ੍ਰਭਾਵ ਗਿਆ ਸੀ ਕਿ ਦਹਿਸ਼ਤਗਰਦੀ ਖ਼ਿਲਾਫ਼ ਜੰਗ 'ਚ ਪਾਕਿਸਤਾਨ ਦੀ ਕਾਰਗੁਜ਼ਾਰੀ ਤੋਂ ਅਮਰੀਕਾ ਅਜੇ ਨਾਰਾਜ਼ ਚਲ ਰਿਹਾ ਹੈ। ਪਾਕਿਸਤਾਨ ਵੱਲੋਂ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫ਼ਿਜ਼ ਸਈਦ ਦੀ ਰਿਹਾਈ ਦੀ ਅਮਰੀਕਾ ਨੇ ਨਵੰਬਰ 'ਚ ਤਿੱਖੀ ਨੁਕਤਾਚੀਨੀ ਕਰਦਿਆਂ ਮੰਗ ਕੀਤੀ ਸੀ ਕਿ ਉਸ ਨੂੰ ਮੁੜ ਗ੍ਰਿਫ਼ਤਾਰ ਕਰਕੇ ਸਜ਼ਾ ਦਿੱਤੀ ਜਾਵੇ।

ਅਮਰੀਕਾ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਜਮਾਤ-ਉਦ-ਦਾਵਾ ਦੇ ਮੁਖੀ ਖ਼ਿਲਾਫ਼ ਕੋਈ ਫ਼ੈਸਲਾਕੁਨ ਕਾਰਵਾਈ ਕਰਨ 'ਚ ਇਸਲਾਮਾਬਾਦ ਨਾਕਾਮ ਰਹਿੰਦਾ ਹੈ ਤਾਂ ਦੁਵੱਲੇ ਸਬੰਧਾਂ 'ਤੇ ਮਾੜਾ ਅਸਰ ਪੈ ਸਕਦਾ ਹੈ।

## ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਰਾਤ ਦੇ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਨਵੇਂ ਸਾਲ ਦੀ ਆਮਦ ਨੂੰ ਲੈ ਕੇ ਵਿਸ਼ੇਸ਼ ਸਮਾਗਮ ਫਰਿਜ਼ਨੋ ਦੇ ਗੁਰਦਿਆਂ ਗੁਰੂ ਨਾਨਕ ਪ੍ਰਕਾਸ਼ ਵਿਖੇ ਰਾਤ ਦੇ ਵਸ਼ੇਸ਼ ਸਮਾਗਮ ਹੋਏ। ਹਮੇਸਾ ਦੀ ਤਰ੍ਹਾਂ ਇਲਾਕੇ ਭਰ ਦੀਆਂ ਸੰਗਤਾਂ ਨੇ ਨਵੇਂ ਸਾਲ ਦੀ ਸੁਰੂ-ਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅੰਦਰ ਕੀਤੀ। ਜਿਸ ਦੌਰਾਨ ਰਾਤਰੀ ਦੇ ਦੀਵਾਨਾਂ ਵਿੱਚ ਗੁਰਮਤਿ ਕਥਾ ਤੋਂ ਇਲਾਵਾ ਕੀਰਤਨੀ ਜੱਥਿਆ ਵੱਲੋਂ ਗੁਰਬਾਣੀ ਪਾਠ ਅਤੇ ਕੀਰਤਨ ਕੀਤਾ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਕਿ ਨਵਾਂ ਸਾਲ ਸਮੁੱਚੀ ਮਨੁੱਖਤਾਂ ਲਈ ਸੁੱਖ-ਸਾਂਤੀ, ਭਾਈਚਾਰਕ ਏਕਤਾ, ਪ੍ਰੇਮ ਸਦਭਾਵਨਾ ਵਾਲਾ ਅਤੇ ਖੁਸੀਆਂ-ਖੇੜਿਆ ਭਰਿਆ ਖੁਸ਼ਹਾਲ ਸਮਾਂ ਲੈ ਕੇ ਆਏ। ਨਵੇਂ ਸਾਲ ਦੀ ਸੁਰੂਆਤ ਜੈਕਾਰਿਆਂ ਦੀ ਗੂੰਜ ਵਿੱਚ ਕੀਤੀ ਗਈ। ਇਸ ਸਮੇਂ ਗੁਰੂ ਦੇ ਲੰਗਰਾਂ ਦੀ ਸੇਵਾ ਅਤੁੱਟ ਚਲਦੀ ਰਹੀ।




ਇਸ ਸਮੇਂ ਵਧੇਰੇ ਠੰਡ ਨੂੰ ਮੁੱਖ ਰੱਖਦੇ ਹੋਏ ਮੀਰੀ ਪੀਰੀ ਸੇਵਾ ਸੁਸਾਇਟੀ ਵੱਲੋਂ ਵੀ ਵਿਸ਼ੇਸ਼ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਸਨ। ਇਸ ਸਮੇਂ ਗੁਰੂਘਰ ਦੇ ਮੁੱਖ ਗ੍ਰੰਥੀ ਬਾਬਾ ਅਮਰੀਕ ਸਿੰਘ ਨੇ ਸਭ ਨੂੰ ਗੁਰੂ ਦੇ ਲੜ ਲੱਗਣ ਅਤੇ ਸਰਬੱਤ ਦੇ ਭਲੇ ਦੀ ਗੱਲ ਕੀਤੀ।

## ਪਾਕਿਸਤਾਨ ਸਰਕਾਰ ਵੱਲੋਂ ਹਾਫ਼ਿਜ਼ ਸਈਦ ਦੀਆਂ ਵਿੱਤੀ ਸੰਸਥਾਵਾਂ 'ਤੇ ਪਾਬੰਦੀ

**ਇਸਲਾਮਾਬਾਦ–** ਪਾਕਿਸਤਾਨ ਸਰਕਾਰ ਵਾਸ਼ਿੰਗਟਨ ਵੱਲੋਂ ਦਹਿਸ਼ਤੀ ਐਲਾਨੇ ਗਏ ਇਸਲਾਮਿਕ ਆਗੂ ਹਾਫ਼ਿਜ਼ ਸਈਦ ਦੀਆਂ ਖੈਰਾਤੀ ਤੇ ਵਿੱਤੀ ਜਾਇਦਾਦਾਂ ਨੂੰ ਆਪਣੇ ਕੰਟਰੋਲ ਹੇਠ ਲੈਣ ਦੀ ਯੋਜਨਾ ਤਹਿਤ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਸਰਕਾਰ ਨੇ 19 ਦਸੰਬਰ ਨੂੰ ਇਸ ਯੋਜਨਾ ਸਬੰਧੀ ਵੱਖ ਵੱਖ ਸੂਬਿਆਂ ਤੇ ਸਰਕਾਰੀ ਵਿਭਾਗਾਂ ਨੂੰ ਖੁਫ਼ੀਆ ਹੁਕਮ ਜਾਰੀ ਕੀਤੇ ਸਨ। ਇਸ ਉੱਚ ਪੱਧਰੀ ਮੀਟਿੰਗ 'ਚ ਹਾਜ਼ਰ ਰਹੇ ਤਿੰਨ ਅਧਿਕਾਰੀਆਂ ਨੇ ਇਹ ਜਾਣਕਾਰੀ ਰਾਇਟਰਜ਼ ਨੂੰ ਦਿੱਤੀ ਹੈ। ਵਿੱਤ ਮੰਤਰਾਲੇ ਦੇ ਇਸ ਦਸਤਾਵੇਜ਼ ਵਿੱਚ ਕਾਨੂੰਨ ਵਿਭਾਗ ਤੇ ਪਾਕਿਸਤਾਨ ਦੇ ਪੰਜ ਸੂਬਿਆਂ ਦੀਆਂ ਸਰਕਾਰਾਂ ਨੂੰ 28 ਦਸੰਬਰ ਤੱਕ ਸਈਦ ਦੀਆਂ ਦੋ ਖੈਰਾਤੀ ਸੰਸਥਾਵਾਂ ਜਮਾਤ ਉਦ ਦਾਵਾ (ਜੇਯੂਡੀ) ਅਤੇ ਫਲਾਹ-ਏ-



ਇਨਸਾਨੀਅਤ ਫਾਊਂਡੇਸ਼ਨ (ਐਫਆਈਐਫ) ਨੂੰ ਆਪਣੇ ਕੰਟਰੋਲ ਹੇਠ ਕਰਨ ਸਬੰਧੀ ਯੋਜਨਾ ਪੇਸ਼ ਕਰਨ ਨੂੰ ਕਿਹਾ ਸੀ। ਅਮਰੀਕਾ ਵੱਲੋਂ ਜੇਯੂਡੀ ਤੇ ਐਫਆਈਐਫ ਨੂੰ ਲਸ਼ਕਰ-ਏ-ਤਾਇਬਾ ਲਈ ਅਤਿਵਾਦੀ ਫਰੰਟ ਐਲਾਨਿਆ ਹੋਇਆ ਹੈ, ਜਿਸ ਦਾ ਸਈਦ ਨੇ 1987 'ਚ ਗਠਨ ਕੀਤਾ ਸੀ। ਭਾਰਤ ਤੇ ਅਮਰੀਕਾ ਨੇ ਲਸ਼ਕਰ ਨੂੰ 2008 ਦੇ ਮੁੰਬਈ ਹਮਲਿਆਂ ਲਈ ਜ਼ਿੰਮੇਵਾਰ ਮੰਨਿਆ ਹੋਇਆ ਹੈ। ਇਸ ਮੀਟਿੰਗ 'ਚ ਹਾਜ਼ਰ ਰਹੇ ਗ੍ਰਹਿ ਮੰਤਰੀ ਅਹਿਸਨ ਇਕਬਾਲ ਨੇ ਆਮ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਪਾਕਿਸਤਾਨ 'ਚ ਹਰ ਪਾਬੰਦੀਸ਼ੁਦਾ ਜਥੇਬੰਦੀ ਨੂੰ ਫੰਡਿੰਗ ਹੋਣ 'ਤੇ ਰੋਕ ਲਾਈ ਜਾਵੇ।

## ਰਣਜੀਤ ਧੀਰ ਦਾ ਮਹਾਰਾਣੀ ਐਲਿਜ਼ਬੈਥ ਵੱਲੋਂ ਸਨਮਾਨ

**ਲੰਡਨ–** ਉੱਘੇ ਲਿਖਾਰੀ ਅਤੇ ਭਾਰਤੀ ਮੂਲ ਦੇ ਮੈਜਿਸਟਰੇਟ ਕੌਂਸਲਰ ਰਣਜੀਤ ਧੀਰ ਨੂੰ ਯੂਕੇ ਸਰਕਾਰ ਪ੍ਰਤੀ ਸ਼ਾਨਾਮੱਤੀਆਂ ਸੇਵਾਵਾਂ ਲਈ ਮਹਾਰਾਣੀ ਐਲਿਜ਼ਬੈਥ ਵੱਲੋਂ ਸਨਮਾਨਤ ਕੀਤਾ ਗਿਆ ਹੈ। 'ਲੰਡਨ ਗਜ਼ਟ' ਮੁਤਾਬਕ ਸ੍ਰੀ ਧੀਰ 1982 ਵਿਚ ਪਹਿਲੀ ਵਾਰ ਈਲਿੰਗ ਤੋਂ ਕੌਂਸਲਰ ਚੁਣੇ ਗਏ ਸਨ ਅਤੇ ਪਿਛਲੇ 35 ਵਰ੍ਹਿਆਂ ਦੌਰਾਨ ਉਨ੍ਹਾਂ ਨੇ ਅੱਠ ਸਥਾਨਕ ਚੋਣਾਂ ਜਿੱਤੀਆਂ ਹਨ। ਸਥਾਨਕ ਸਰਕਾਰ ਵਿੱਚ ਸੇਵਾਵਾਂ ਲਈ ਸ੍ਰੀ ਧੀਰ (75) ਦਾ 'ਨਿਊ ਯੀਅਰ ਆਨਰਜ਼ ਲਿਸਟ 2018' ਵਿੱਚ ਨਾਂ ਸ਼ਾਮਲ ਹੈ। ਉਨ੍ਹਾਂ ਵੱਲੋਂ ਕਈਆਂ ਕਮੇਟੀਆਂ, ਸਕੂਲ ਬੋਰਡਾਂ



ਅਤੇ ਜਨਤਕ ਅਦਾਰਿਆਂ ਦੇ ਚੇਅਰਮੈਨ ਤੋਂ ਇਲਾਵਾ ਡਿਪਟੀ ਮੇਅਰ ਤੇ ਮੇਅਰ ਵਜੋਂ ਸੇਵਾਵਾਂ ਨਿਭਾਈਆਂ ਗਈਆਂ ਹਨ। ਯੂਕੇ ਵਿੱਚ ਕੌਂਸਲ ਦੇ ਡਿਪਟੀ ਲੀਡਰ ਵਜੋਂ ਉਨ੍ਹਾਂ ਨੇ ਸਭ ਤੋਂ ਲੰਬਾ ਸਮਾਂ ਸੇਵਾਵਾਂ ਦਿੱਤੀਆਂ ਹਨ। ਇਸ ਅਹੁਦੇ 'ਤੇ ਉਹ 2005 ਵਿੱਚ ਚੁਣੇ ਗਏ ਸਨ। ਮੌਜੂਦਾ ਸਮੇਂ ਉਨ੍ਹਾਂ ਕੋਲ ਈਲਿੰਗ ਕੈਬਨਿਟ ਵਿੱਚ ਭਾਈਚਾਰਕ ਸੇਵਾਵਾਂ ਅਤੇ ਸੁਰੱਖਿਆ ਦਾ ਅਹੁਦਾ ਹੈ। ਉਨ੍ਹਾਂ ਨੇ ਜਸਟਿਸ ਆਫ ਪੀਸ (ਮੈਜਿਸਟਰੇਟ) ਵਜੋਂ ਸੇਵਾਵਾਂ ਨਿਭਾਉਣ ਤੋਂ ਇਲਾਵਾ ਉਹ ਐਂਪਲਾਇਮੈਂਟ ਟ੍ਰਿਬਿਊਨਲਜ਼ ਦੇ ਮੈਂਬਰ ਜੱਜ ਵੀ ਰਹੇ ਹਨ।

## ਗਲੋਬਲ ਵੋਮੈਨ ਪਾਵਰ ਵਲੋਂ 14 ਜਨਵਰੀ 2018 ਨੂੰ ਲੋਹੜੀ ਦਾ ਤਿਉਹਾਰ ਪੁਰਾਣੇ ਪੰਜਾਬ ਦੀ ਤਸਵੀਰ ਨੂੰ ਰੂਪਮਾਨ ਕਰੇਗਾ


**ਹੇਵਰਡ (ਬਿਊਰੋ)–** ਗਲੋਬਲ ਵੋਮੈਨ ਪਾਵਰ ਵਲੋਂ 14 ਜਨਵਰੀ 2018 ਨੂੰ ਨਵ ਜਨਮੇ ਬੱਚਿਆਂ ਅਤੇ ਨਵ-ਵਿਆਹੀਆਂ ਜੋੜੀਆਂ ਦੀ ਸਮੂਹਿਕ ਲੋਹੜੀ Mulakat Hall, 6170 Thorton Avenue Newark, CA 94560 ਵਿਖੇ ਦਿਨ ਐਤਵਾਰ ਸ਼ਾਮ 5:00-10:00 ਵਜੇ ਤੱਕ ਧੂਮ-ਧਾਮ ਨਾਲ ਪਾਈ ਜਾਵੇਗੀ। ਇਸ ਸਮੇਂ ਨੀਲਮ ਸੈਣੀ ਦੁ-ਆਰਾ ਸੰਪਾਦਿਤ ਚਰਚਿਤ ਪੁਸਤਕ ' ਸਾਡੀਆਂ ਰਸਮਾਂ ਸਾਡੇ ਗੀਤ' ਵਿਚੋਂ ਲੋਹੜੀ ਦੇ ਪਰੰਪਰਕ ਗੀਤ: ਕੁੜੀਆਂ ਵਲੋਂ ਲੋਹੜੀ ਮੰਗਣ ਵਾਲੇ ਗੀਤ, ਮੁੰਡਿਆਂ ਵਲੋਂ ਲੋਹੜੀ ਮੰਗਣ ਦੇ ਗੀਤ, ਲੋਹੜੀ ਦੀ ਧੂਣੀ ਦੁਆਲੇ ਬੈਠ ਕੇ ਗਾਉਣ ਵਾਲੇ ਗੀਤ ਪੇਸ਼ ਕੀਤੇ ਜਾਣਗੇ। ਇਸਦੇ ਨਾਲ ਹੀ ਨੀਲਮ ਸੈਣੀ ਇਸ ਸਮੁੱਚੇ ਪ੍ਰੋਗਰਾਮ ਵਿਚ ਲੋਹੜੀ ਮੰਗਣ ਵੇਲੇ ਕੁੜੀਆਂ ਲਈ ਆਪਣੇ ਲਿਖੇ ਗੀਤਾਂ ਨਾਲ ਨਵ ਜਨਮੀਆਂ ਬੱਚੀਆਂ ਨੂੰ ਜੀਅ ਆਇਆਂ ਆਖਦੇ ਇਕ ਨਵੀਂ ਰਵਾਇਤ ਤੋਰੇਗੀ ਕਿਉਂਕਿ ਸਾਡਾ ਸਮਾਜ ਅੱਜ ਵੀ ਧੀ ਦੀ ਲੋਹੜੀ ਪਾਉਂਦੇ ਹੋਏ ਪੁੱਤ ਦੀ ਉਸਤਤੀ ਕਰਦੇ ਹੋਏ ਗੀਤ ਹੀ ਗਾਉਂਦਾ ਹੈ।

ਇਹ ਲੋਹੜੀ ਧੀ ਅਤੇ ਪੁੱਤ ਦੇ ਜਨਮ ਵੇਲੇ ਦੇ ਗੀਤਾਂ ਵਿਚ ਸੰਤੁਲਨ ਪੈਦਾ ਕਰਦੇ ਹੋਏ ਉਸ ਪੁਰਾਣੇ ਪੰਜਾਬ ਦੀ ਤਸਵੀਰ ਰੂਪਮਾਨ ਕਰੇਗੀ, ਜੋ ਅੱਜ ਵੀ ਸਾਡੇ ਚੇਤਿਆਂ ਵਿਚ ਵਸਦਾ ਹੈ।ਗਿੱਧੇ ਦੀ ਧਮਾਲ ਪਵੇਗੀ। ਲੋਹੜੀ ਦੀ ਧੂਣੀ ਖੁੱਲ੍ਹੇ ਮੈਦਾਨ ਲਾਈ ਜਾਵੇਗੀ।

ਮਹਿਮਾਨਾਂ ਦੇ ਬੈਠਣ ਲਈ ਪੰਜਾਬੀ ਮੰਜੇ ਡਾਹੇ ਜਾਣਗੇ, ਸਰ੍ਹੋਂ ਦਾ ਸਾਗ , ਮੱਕੀ ਦੀ ਰੋਟੀ, ਗੁੜ, ਰਿਉੜੀਆਂ, ਚਿੜਵੇ ਅਤੇ ਗੰਨੇ ਖਿੱਚ ਦਾ ਕੇਂਦਰ ਹੋਣਗੇ। । ਖ੍ਰੀਦੋ -ਫਰੋਖਤ ਲਈ ਸਟਾਲ ਲੱਗਣਗੇ। ਇਸ ਸਮੁੱਚੇ ਪ੍ਰੋਗਰਾਮ ਨੂੰ ਬੇ ਏਰੀਆ ਦੇ ਪ੍ਰਸਿੱਧ ਸਮਾਜ ਸੇਵੀ ਰਾਜ ਬੁਡਵਾਲ ਵਲੋਂ ਕੈਮਰਾ-ਬੱਧ ਕੀਤਾ ਜਾਵੇਗਾ। ਵਕੀਲ ਗਿੰਨੀ ਬੇਦੀ ਅਤੇ ਡਾ. ਰੀਆ ਸਿੰਘ ਵਲੋਂ ਸਪਾਂਸਰ ਇਸ ਪ੍ਰੋਗਰਾਮ ਵਿਚ ਖ੍ਰੀਦੋ-ਫਰੋਖਤ ਲਈ ਸਟਾਲ ਵੀ ਲੱਗਣਗੇ। ਮੰਚ ਸੰਚਾਲ ਨੀਲਮ ਸੈਣੀ ਵਲੋਂ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ: ਅਲਕਾ ਮਦਾਨ-510-830-8771 ਰੋਜ਼ੀ ਕੌਰ-408-422-8585

## ਸੈਂਸਰ ਬੋਰਡ ਵੱਲੋਂ 'ਪਦਮਾਵਤੀ' ਫਿਲਮ ਦਾ ਨਾਂ ਬਦਲਣ ਦਾ ਸੁਝਾਅ

**ਮੁੰਬਈ–** ਸੈਂਸਰ ਬੋਰਡ ਨੇ ਸੰਜੈ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ' ਨੂੰ ਬਿਨਾਂ ਕਿਸੇ ਕੱਟ ਵੱਢ ਦੇ ਯੂਏ ਸਰਟੀਫਿਕੇਟ ਦੇਣ ਦਾ ਫੈਸਲਾ ਕੀਤਾ ਹੈ, ਪਰ ਬੋਰਡ ਨੇ ਡਾਇਰੈਕਟਰ ਨੂੰ ਫਿਲਮ ਦਾ ਨਾਂ 'ਪਦਮਾਵਤ' ਕਰਨ ਸਮੇਤ ਪੰਜ ਬਦਲਾਅ ਕਰਨ ਦੀ ਸ਼ਰਤ ਲਾਈ ਹੈ।



ਰਿਪੋਰਟਾਂ ਆ ਰਹੀਆਂ ਸਨ ਕਿ ਬੋਰਡ ਨੇ ਫਿਲਮ ਵਿੱਚ 26 ਕੱਟ ਲਾਉਣ ਦਾ ਸੁਝਾਅ ਦਿੱਤਾ ਹੈ, ਪਰ ਕੇਂਦਰੀ ਬੋਰਡ ਆਫ ਸਰਟੀਫਿਕੇਸ਼ਨ (ਸੀਬੀਐਫਸੀ) ਦੇ ਚੇਅਰਮੈਨ ਪ੍ਰਸੂਨ ਜੋਸ਼ੀ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਬਿਨਾਂ ਕੱਟ ਦੇ ਫਿਲਮ ਦਾ ਨਾਂ ਬਦਲਣ ਸਮੇਤ ਪੰਜ ਬਦਲਾਅ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਬੋਰਡ ਨੇ ਬੇਦਾਅਵੇ ਵਿੱਚ ਖਾਸ ਕਰ ਕੇ 'ਸਤੀ' ਅਤੇ ਘੂਮਰ ਗੀਤ ਵਿਚ ਦਿਖਾਏ ਗਏ ਕਿਰਦਾਰ ਵਿੱਚ ਸੁਧਾਰ ਕਰਨ ਦੀ ਸਲਾਹ ਦਿੱਤੀ ਹੈ। ਸ੍ਰੀ ਜੋਸ਼ੀ ਨੇ ਕਿਹਾ ਕਿ ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਬੋਰਡ ਦੇ ਸੁਝਾਅ ਅਨੁਸਾਰ ਬਦਲਾਅ ਕਰਨ ਲਈ ਸਹਿਮਤ ਹਨ। ਜ਼ਿਕਰਯੋਗ ਹੈ ਕਿ ਬੋਰਡ ਨੇ 28 ਦਸੰਬਰ ਨੂੰ ਹੋਈ ਮੀਟਿੰਗ ਵਿੱਚ ਫਿਲਮ ਨੂੰ ਕੁਝ ਬਦਲਾਵਾਂ ਨਾਲ ਪਾਸ ਕਰਨ ਦੀ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸੰਸਦੀ ਪੈਨਲ ਕੋਲ ਪੇਸ਼ ਹੋਏ ਭੰਸਾਲੀ ਨੇ ਕਿਹਾ ਸੀ ਕਿ ਉਨ੍ਹਾਂ ਨੇ ਫਿਲਮ 'ਤੇ 150 ਕਰੋੜ ਰੁਪਏ ਖਰਚੇ ਹਨ ਅਤੇ ਇਹ ਫਿਲਮ ਮਲਿਕ ਮੁਹੰਮਦ ਜਾਇਸੀ ਵੱਲੋਂ ਲਿਖੀ 16ਵੀਂ ਸਦੀ ਦੀ ਸੂਰਬੀਰਤਾ ਗਾਥਾ 'ਪਦਮਾਵਤ' 'ਤੇ ਅਧਾਰਤ ਹੈ। ਫਿਲਮ ਦੀ ਗੁੰਝਲ ਅਤੇ ਚਿੰਤਾਵਾਂ ਨੂੰ ਦੇਖਦਿਆਂ ਸੀਬੀਐਫਸੀ ਨੇ ਅੰਤਿਮ ਫੈਸਲੇ ਲਈ ਸੈਂਸਰ ਬੋਰਡ ਅਧਿਕਾਰੀਆਂ ਦੇ ਵਿਸ਼ੇਸ਼ ਪੈਨਲ ਦਾ ਗਠਨ ਕੀਤਾ ਸੀ। ਇਸ ਪੈਨਲ ਵਿੱਚ ਉਦੈਪੁਰ ਤੋਂ ਚੰਦਰਮਣੀ ਸਿੰਘ ਅਤੇ ਜੈਪੁਰ ਯੂਨੀਵਰਸਿਟੀ ਦੇ ਪ੍ਰੋਫੈਸਰ ਕੇ ਕੇ ਸਿੰਘ ਵੀ ਸ਼ਾਮਲ ਸੀ। ਸ੍ਰੀ ਜੋਸ਼ੀ ਨੇ ਕਿਹਾ ਕਿ ਇਹ ਇਕ ਮੁਸ਼ਕਲ ਸਥਿਤੀ ਸੀ ਜਿਸ ਨੂੰ ਸੰਤੁਲਿਤ ਪਹੁੰਚ ਨਾਲ ਨਜਿੱਠ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜੀਂਦੇ ਬਦਲਾਅ ਤੋਂ ਬਾਅਦ ਫਿਲਮ ਨੂੰ ਸਰਟੀਫਿਕੇਟ ਦੇ ਦਿੱਤਾ ਜਾਵੇਗਾ।

## ਲੰਗਰ ਤੋਂ ਜੀ ਐਸ ਟੀ ਹਟਾਉਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਕਰਨਗੇ ਮੋਦੀ ਤੱਕ ਪਹੁੰਚ

**ਪਟਿਆਲਾ–** ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਦੀ ਰਸਦ ਨੂੰ ਜੀਐਸਟੀ ਤੋਂ ਮੁਕਤ ਕਰਾਉਣ ਲਈ ਮੁੜ ਚਾਰਾਜੋਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਕ ਪਹੁੰਚ ਕਰਨਗੇ। ਜੀਐਸਟੀ ਲਾਗੂ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਲੰਗਰ 'ਤੇ ਪ੍ਰਤੀ ਸਾਲ ਤਕਰੀਬਨ 10 ਕਰੋੜ ਵਾਧੂ ਤਾਰਨੇ ਪੈਣਗੇ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਸਿੱਖ ਸੰਸਥਾਵਾਂ ਅਤੇ ਐਨਡੀਏ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਲੰਗਰ ਨੂੰ ਜੀਐਸਟੀ ਮੁਕਤ ਕਰਨ ਦੀ ਮੰਗ ਕੀਤੀ ਗਈ ਹੈ ਪਰ ਅਜੇ ਤਕ ਕੋਈ ਰਾਹਤ ਨਹੀਂ ਮਿਲੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਆਵਾਜ਼ ਉਠਾਏ ਜਾਣ ਦੇ ਬਾਵਜੂਦ ਕੇਂਦਰ ਤੇ ਜੀਐਸਟੀ ਕੌਂਸਲ ਇਸ ਮਸਲੇ 'ਤੇ ਚੁੱਪ ਵੱਟੀ ਬੈਠੀ ਹੈ। ਕੇਂਦਰ ਦੇ ਅੜੀਅਲ ਰਵੱਈਏ ਕਾਰਨ ਸ਼੍ਰੋਮਣੀ ਕਮੇਟੀ ਨੂੰ ਫਿਲਹਾਲ ਜੀਐਸਟੀ ਅਦਾ ਕਰਨਾ ਪੈ ਰਿਹਾ ਹੈ ਪਰ ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਨੇ ਜੀਐਸਟੀ ਮੁਆਫ਼ ਕਰਾਉਣ ਲਈ ਚਾਰਾਜੋਈ ਛੱਡੀ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਹੈ ਕਿ ਉਹ ਲੰਗਰ ਨੂੰ ਜੀਐਸਟੀ ਮੁਕਤ ਕਰਾਉਣ ਲਈ ਜਲਦੀ ਵੱਡੇ ਪੱਧਰ 'ਤੇ ਮੁਹਿੰਮ ਛੇੜਨਗੇ। ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਜੀਐਸਟੀ ਕੌਂਸਲ ਦੇ ਨੁਮਾਇੰਦਿਆਂ ਤਕ ਪਹੁੰਚ ਕਰੇਗੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਟਨਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਸੰਪੂਰਨਤਾ ਸਮਾਰੋਹਾਂ 'ਚ ਜੇਕਰ ਪ੍ਰਧਾਨ ਮੰਤਰੀ ਆਉਂਦੇ ਤਾਂ ਉਨ੍ਹਾਂ ਨੇ ਹਰ ਹਾਲ ਇਹ ਮੁੱਦਾ ਉਠਾਉਣਾ ਸੀ। ਉਨ੍ਹਾਂ ਕਿਹਾ ਕਿ ਲੰਗਰ ਸਾਰੇ ਧਰਮਾਂ ਦੇ ਲੋਕਾਂ ਲਈ ਹੈ। ਭਾਜਪਾ ਦੇ ਸੂਬਾਈ ਸਕੱਤਰ ਗੁਰਤੇਜ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮਸਲੇ ਨੂੰ ਕੇਂਦਰੀ ਵਿੱਤ ਰਾਜ ਮੰਤਰੀ ਅਰਜੁਨ ਮੇਘਵਾਲ ਕੋਲ ਉਠਾਇਆ ਸੀ ਅਤੇ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਉਹ ਇਸ ਬਾਰੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਵਿਚਾਰ ਕਰਨਗੇ। ਭਾਜਪਾ ਆਗੂ ਨੇ ਸ਼ਿਕਵਾ ਕੀਤਾ ਕਿ ਕੈਪਟਨ ਸਰਕਾਰ ਵੱਲੋਂ ਜੀਐਸਟੀ ਕੌਂਸਲ ਕੋਲ ਆਵਾਜ਼ ਨਾ ਚੁੱਕੇ ਜਾਣ ਕਾਰਨ ਇਹ ਮਾਮਲਾ ਪੇਚੀਦਾ ਹੋਣ ਲੱਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੰਗਰ ਦੇ ਮਹੱਤਵ ਤੋਂ ਅਣਜਾਣ ਜਾਪਦੀ ਹੈ ਕਿਉਂਕਿ ਕੈਪਟਨ ਸਰਕਾਰ ਵੱਲੋਂ ਲੰਗਰਾਂ ਦੀ ਰਸਦ ਤੋਂ ਐਸਜੀਐਸਟੀ ਵਸੂਲਿਆ ਜਾਣ ਲੱਗਾ ਹੈ। ਹਾਲਾਂਕਿ ਪੰਜਾਬ ਸਰਕਾਰ ਨੂੰ ਕੇਂਦਰ ਤੋਂ ਪਹਿਲਾਂ ਆਪਣੇ ਹਿੱਸੇ ਦਾ ਕਰ ਮੁਆਫ਼ ਕਰਨਾ ਚਾਹੀਦਾ ਸੀ।



# ਦੇਸ਼ ਦੁਆਬਾ

## ਨਵਾਂ ਸਾਲ 2018

ਬੀਤਿਆ ਸਾਲ 2017 ਆਪਣੀਆਂ ਮਿੱਠੀਆਂ-ਖੱਟੀਆਂ ਯਾਦਾਂ, ਖੱਟੇ-ਮਿੱਠੇ ਤਜਰਬੇ ਛੱਡਦਾ ਹੋਇਆ ਅਲਵਿਦਾ ਆਖ ਚੁੱਕਾ ਹੈ ਅਤੇ ਨਵਾਂ ਸਾਲ 2018 ਸਾਡੀਆਂ ਬਰੂਹਾਂ ਤੇ ਦਸਤਕ ਦੇ ਚੁੱਕਾ ਹੈ। ਬੀਤੇ ਸਾਲ ਜਿੱਥੇ ਦੁਨੀਆਂ ਨੂੰ ਕਈ ਮਾੜੀਆਂ ਘਟਨਾਵਾਂ, ਅੱਤਵਾਦੀ ਹਮਲੇ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਉਥੇ ਹੀ ਨਵੇਂ ਸਾਲ ਦੀ ਸ਼ੁਰੂਆਤ ਏਸ਼ੀਅਨ ਪ੍ਰਸ਼ਾਂਤ ਇਲਾਕੇ ਵਿਚ ਯੁੱਧ ਦਾ ਖਤਰਾ ਅਤੇ ਏਸ਼ੀਆ ਵਿਚ ਵਧਦੇ ਤਣਾਅ ਦੇ ਨਾਲ ਆਰੰਭ ਹੋਇਆ ਹੈ। ਅਸੀਂ ਦੁਆ ਕਰਦੇ ਹਾਂ ਕਿ ਪਿਛਲੇ ਸਾਲ ਵਾਂਗ ਇਹ ਸਾਲ ਵੀ ਕਿਸੇ ਵੱਡੇ ਵਿਵਾਦ, ਜੰਗ-ਯੁੱਧ ਤੋਂ ਬਿਨਾਂ ਸ਼ਾਂਤਮਈ ਨਿਕਲ ਜਾਵੇ ਕਿਉਂਕਿ ਦੁਨੀਆਂ ਵਿਚ ਹੁਣ ਅਜਿਹੇ ਮਾਰੂ ਹਥਿਆਰ ਹਨ, ਜਿਹਨਾਂ ਨਾਲ ਕੁਝ ਹੀ ਮਿੰਟਾਂ ਵਿਚ ਇਸ ਧਰਤੀ ਤੋਂ ਮਨੁੱਖਤਾ ਦਾ ਸਫਾਇਆ ਕੀਤਾ ਜਾ ਸਕਦਾ ਹੈ।

ਬੀਤੇ ਸਾਲ ਅਮਰੀਕਾ ਵਿਚ ਵੱਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਜਿੱਥੇ ਕਈ ਨਸਲੀ ਅਤੇ ਹਿੰਸਕ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਅਤੇ ਖੌਫ ਭਰੇ ਮਾਹੌਲ ਦਾ ਸਾਹਮਣਾ ਕਰਨਾ ਪਿਆ, ਉਥੇ ਹੀ ਕਈ ਅੱਤਵਾਦੀ ਹਮਲੇ, ਅੰਦਰੂਨੀ ਦਹਿਸ਼ਤਗਰਦ ਅਤੇ ਨਸਲੀ ਹਮਲੇ ਅਤੇ ਗੋਲੀਬਾਰੀ ਵਿਚ ਸੈਂਕੜੇ ਲੋਕਾਂ ਦੀ ਜਾਨ ਚਲੀ ਗਈ। ਅਮਰੀਕਾ ਵਾਂਗ ਯੂਰਪ ਲਈ ਵੀ ਸਾਲ 2017 ਦਹਿਸ਼ਤੀ ਹਮਲਿਆਂ ਦੇ ਡਰ ਵਿਚ ਬੀਤਿਆ। ਦੁਨੀਆਂ ਨੂੰ ਇਹਨਾਂ ਤੋਂ ਇਲਾਵਾ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕਈ ਚੁਣੌਤੀਆਂ ਵਿਚੋਂ ਲੰਘਣਾ ਪਿਆ। ਗਲੋਬਲ ਵਾਰਮਿੰਗ ਦੇ ਕਾਰਨ ਧਰਤੀ ਕੁਰਲਾ ਰਹੀ ਹੈ ਪਰ ਇਸ ਨੂੰ ਰੋਕਣ ਲਈ ਯਤਨ ਫਿਲਹਾਲ ਜ਼ਿਆਦਾ ਕਾਮਯਾਬ ਹੁੰਦੇ ਨਜ਼ਰ ਨਹੀਂ ਆਉਂਦੇ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਮੁਸ਼ਕਿਲਾਂ ਇਸ ਸਾਲ ਕੁਝ ਘਟਣਗੀਆਂ।

ਭਾਰਤ ਵਿਚ ਬੀਤਿਆ ਸਾਲ ਨੋਟਬੰਦੀ ਦੀ ਰਾਜਨੀਤੀ, ਘੱਟ ਗਿਣਤੀਆਂ ਅਤੇ ਦਲਿਤਾਂ ਉਤੇ ਹਿੰਸਕ ਹਮਲਿਆਂ ਵਿਚਕਾਰ ਬੀਤਿਆ। ਪੰਜਾਬ ਵਿਚ ਸਰਕਾਰ ਤਾਂ ਬਦਲ ਗਈ, ਪਰ ਫਿਲਹਾਲ ਇਸ ਸਰਕਾਰ ਨੇ ਵੀ ਬੀਤੇ ਸਾਲ ਕੋਈ ਵਰਣਨਯੋਗ ਸ਼ੁਰੂਆਤ ਨਹੀਂ ਕੀਤੀ। ਪੰਜਾਬ ਵਿਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਿਸਾਨ ਆਤਮ ਹੱਤਿਆਵਾਂ ਆਦਿ ਮਸਲਿਆਂ ਉਤੇ ਬੀਤੇ ਸਾਲ ਰਾਜਨੀਤੀ ਗਰਮ ਰਹੀ ਪਰ ਫਿਲਹਾਲ ਇਹਨਾਂ ਮੁਸ਼ਕਿਲਾਂ ਦਾ ਹੱਲ ਦੂਰ-ਦੂਰ ਤੱਕ ਨਜ਼ਰ ਨਹੀਂ ਆ ਰਿਹਾ ਹੈ। ਕੀ ਸਰਕਾਰੀ ਦਫਤਰਾਂ ਵਿਚੋਂ ਭ੍ਰਿਸ਼ਟਾਚਾਰ ਦਾ ਕਦੇ ਮੁਕੰਮਲ ਖਾਤਮੇ ਹੋ ਸਕੇਗਾ। ਅਜਿਹੇ ਹੋਰ ਵੀ ਅਣਗਿਣਤ ਸਵਾਲ ਹਨ, ਜਿਹੜੇ ਜਨਤਾ ਦੇ ਮਨ ਵਿਚ ਉਬਾਲੇ ਖਾ ਰਹੇ ਹਨ ਪਰ ਜਨਤਾ ਹਾਲੇ ਵੀ ਦੁਚਿੱਤੀ ਦੇ ਭਵਸਾਗਰ ਵਿਚ ਫਸੀ ਪਈ ਹੈ। ਇਸ ਸਾਲ ਸਾਨੂੰ ਇਹਨਾਂ ਮੁਸ਼ਕਿਲਾਂ ਅਤੇ ਆਫਤਾਂ ਨਾਲ ਨਜਿੱਠਣ ਲਈ ਮਜ਼ਬੂਤ ਕਦਮ ਚੁੱਕਣ ਦੀ ਲੋੜ ਹੋਵੇਗੀ। ਸੰਸਾਰ ਅਮਨ ਨੂੰ ਵੱਧ ਰਹੇ ਖਤਰੇ ਨੂੰ ਰੋਕਣਾ ਹੋਵੇਗਾ ਅਤੇ ਦੁਨੀਆਂ ਵਿਚ ਸ਼ਾਂਤੀ ਬਹਾਲੀ ਲਈ ਮਜ਼ਬੂਤੀ ਨਾਲ ਯਤਨ ਕੀਤੇ ਜਾਣ ਦੀ ਲੋੜ ਹੈ।

ਭੀਮਾ ਕੋਰੇਗਾਉਂ ਵਿਖੇ 200 ਵੀਂ ਵਰ੍ਹੇਗੰਢ ਮੌਕੇ ਨਵੇਂ ਸਾਲ ਤੇ ਵਾਪਰੀ ਘਟਨਾ ਬਹੁਤ ਹੀ ਮੰਦਭਾਗੀ ਹੈ। ਭੀਮਾ ਕੋਰੇਗਾਉਂ ਭਾਰਤ ਦੇ ਮੂਲ ਨਿਵਾਸੀਆਂ ਨਾਲ ਗਹਿਰਾ ਸਬੰਧ ਰੱਖਦਾ ਹੈ, ਜਿੱਥੇ ਪੇਸ਼ਵਾਵਾਂ ਨਾਲ ਯੁੱਧ ਦੌਰਾਨ ਭਾਰਤ ਦੇ ਮੂਲ ਨਿਵਾਸੀਆਂ ਦੀ ਪਹਿਲੀ ਜਨਵਰੀ 1818 ਨੂੰ ਵੱਡੀ ਜਿੱਤ ਪ੍ਰਾਪਤ ਹੋਈ ਸੀ। ਇਸ ਸਥਾਨ 'ਤੇ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਵੀ ਹਰ ਸਾਲ ਪਹਿਲੀ ਜਨਵਰੀ ਨੂੰ ਜਾਇਆ ਕਰਦੇ ਸਨ। ਅਦਾਰਾ "ਦੇਸ਼ ਦੁਆਬਾ" ਇਸ ਮੰਦਭਾਗੀ ਘਟਨਾ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ ਤੇ ਮੰਗ ਕਰਦਾ ਹੈ ਕਿ ਦੋਸ਼ੀਆਂ ਨੂੰ ਸਰਕਾਰ ਤੁਰੰਤ ਗ੍ਰਿਫਤਾਰ ਕਰਕੇ ਕਾਨੂੰਨ ਮੁਤਾਬਕ ਸਖਤ ਸਜ਼ਾਵਾਂ ਦੇਵੇ ਤਾਂ ਜੋ ਭਵਿੱਖ 'ਚ ਅਜਿਹੀ ਕੋਈ ਹੋਰ ਘਟਨਾ ਨਾ ਹੋ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-55

## ਸੁੰਨਤ ਜਾਂ ਸੁੰਨਤਿ ਦੀ ਵਿਆਖਿਆ

ਸੁੰਨਤ, ਸੁੰਨਤਿ ਤੇ ਖਤਨਾ ਅਰਬੀ ਦੇ ਸ਼ਬਦ ਹਨ। ਇਸਲਾਮਿਕ ਮਰਯਾਦਾ, ਰੀਤ ਭਾਵ ਜੋ ਕਰਮ ਮੁਹੰਮਦ ਸਾਹਿਬ ਨੇ ਆਪਣੀ ਉਮਤ ਨੂੰ ਸਿਖਿਆ ਦੇਣ ਲਈ ਕੀਤੇ, ਉਹ ਸਭ ਸੁੰਨਤਿ ਰੂਪ ਹਨ। ਮੁਹੰਮਦ ਸਾਹਿਬ ਦਾ ਆਚਰਣ ਹੀ ਮੁਸਲਮਾਨਾਂ ਲਈ ਸੁੰਨਤ ਹੈ। ਸੁੰਨਤ ਨੂੰ ਖਤਨਾ ਵੀ ਆਖਦੇ ਹਨ, ਪੈਗੰਬਰ ਮੁਹੰਮਦ ਨੇ ਆਪ ਖਤਨਾ ਕਰਵਾਇਆ ਸੀ। ਚਾਹੇ ਕੁਰਾਨ ਵਿੱਚ ਇਸ ਦੀ ਆਗਿਆ ਨਹੀਂ ਪਰ ਹਜ਼ਰਤ ਮੁਹੰਮਦ ਦੀ ਸੁੰਨਤ ਇਬਰਾਹੀਮ ਦੀ ਚਲਾਈ ਰੀਤਿ ਅਨੁਸਾਰ ਹੋਈ ਸੀ। ਨੋਟ-ਸੁਨਤ ਦੇ ਅਰਥ ਖਤਨਾ ਨਹੀਂ ਪਰ ਜਦ ਪੁੱਛੀ ਦਾ ਖਤਨਾ ਕਿਉਂ ਕਰਦੇ ਹੋ ਤਦ ਜਵਾਬ ਮਿਲਦੈ, ਇਹ ਸੁੰਨਤਿ (ਸ਼ਰਾਹ-ਮਰਯਾਦਾ) ਹੈ। ਹਜ਼ਰਤ ਸਾਹਿਬ ਨੇ ਇਹ ਤਰੀਕਾ ਜਾਰੀ ਰੱਖਿਆ ਹੈ। ਇਵੇਂ ਪੰਜਾਬ ਤੇ ਹਿੰਦੁਸਤਾਨ ਚ ਸੁੰਨਤਿ ਦਾ ਅਰਥ ਖਤਨਾ ਹੋਇਆ। ਇਬਰਾਹੀਮ ਵੀ ਅਰਬੀ ਲਫਜ਼ ਹੈ ਭਾਵ ਕੌਮ ਦਾ ਬਾਨੀ ਵੰਸ਼ ਦਾ ਮੁਖੀਆ। ਬਾਈਬਲ ਅਤੇ ਕੁਰਾਨ ਅਨੁਸਾਰ ਖੁਦਾ ਵੱਲੋਂ ਭੇਜਿਆ ਇੱਕ ਪੈਗੰਬਰ ਜੋ ਨੂੰਹ ਦੀ ੧੧ਵੀਂ ਪੀੜੀ ਚੋਂ ਆਜ਼ਰ (ਤੇਰਾਹ) ਦਾ ਪੁੱਤਰ ਸੀ। ਇਸ ਦੀ ਪਹਿਲੀ ਇਸਤ੍ਰੀ "ਸਰਾਹ" ਜਿਸ ਦੇ ਉਲਾਦ ਨਹੀ ਸੀ ਫਿਰ ਇਬਰਾਹੀਮ ਨੇ ਹਾਜਿਰਾ (ਹੈਗਕ) ਨਾਮ ਗੋਲੀ ਨਾਲ ਸ਼ਾਦੀ ਕੀਤੀ ਜਿਸ ਤੋਂ ਇਸਮਾਈਲ ਤੇ "ਸਰਾਹ" ਤੋਂ ਇਸਹਾਕ ਪੁੱਤਰ ਜੰਮਿਆਂ ਜਦ ਸਰਾਹ ਦੇ ਆਪਣੀ ਔਲਾਦ ਹੋ ਪਈ ਦੋਹਾਂ ਸੌਕਣਾਂ ਦਾ ਝਗੜਾ ਹੋਣ ਲੱਗਾ ਤਾਂ ਸਰਾਹ ਦੇ ਆਖੇ ਇਬਰਾਹੀਮ ਨੇ "ਹਾਜਿਰਾ" ਨੂੰ ਇਸਮਾਈਲ ਸਮੇਤ ਘਰੋਂ ਕੱਢ ਦਿੱਤਾ। ਜ਼ਮ ਜ਼ਮ ਇਸਹਾਕ ਦੀ ਉਲਾਦ ਇਸਮਾਈਲ ਵੰਸ਼ ਜਿਸ ਤੋਂ ਯਹੂਦੀ ਤੇ ਈਸਾਈ ਚੱਲੇ। ਇਸਮਾਈਲ ਔਲਾਦ ਕੁਰੈਸ਼ ਵੰਸ਼ ਹੈ ਜਿਸ ਚੋਂ ਮੁਹੰਮਦ ਸਾਹਿਬ ਪੈਦਾ ਹੋਏ।

ਸੁੰਨਤ (ਖਤਨੇ) ਦੀ ਰਸਮ ਇਬਰਾਹੀਮ ਨੇ ਹੀ ਚਲਾਈ, ਇਸ ਤੋਂ ਪਹਿਲੇ ਇਸ ਦਾ ਜ਼ਿਕਰ ਕਿਸੇ ਗ੍ਰੰਥ ਵਿੱਚ ਨਹੀਂ ਹੈ। ਯਹੂਦੀ ਤੇ ਮੁਸਲਮਾਨਾਂ ਨੇ ਇਸ ਰਸਮ ਨੂੰ ਇਬਰਾਹੀਮ ਦੁਆਰਾ ਖੁਦਾ ਦਾ ਹੁਕਮ ਆਇਆ ਮੰਨ ਕੇ ਅੰਗੀਕਾਰ ਕੀਤਾ। ਪੁਰਾਣੇ ਸਮੇਂ ਈਸਾਈ ਵੀ ਸੁੰਨਤ ਕਰਾਇਆ ਕਰਦੇ ਸਨ ਬਲਕਿ ਹਜ਼ਰਤ ਈਸਾ ਦੀ ਵੀ ਸੁੰਨਤ ਹੋਈ ਸੀ ਅਤੇ ਐਬਸੀਨੀਆਂ ਦੇ ਈਸਾਈ ਹੁਣ ਤੋੜੀ ਭੀ ਸੁੰਨਤ ਕਰਾਉਂਦੇ ਹਨ। ਜਦ ਇਬਰਾਹੀਮ ਨੇ ਸੁੰਨਤ ਆਪ ਕਰਵਾਈ ਅਤੇ ਆਪਣੀ ਵੰਸ਼ ਚ ਇਸ ਦਾ ਪ੍ਰਚਾਰ ਕੀਤਾ ਤਦ ਉਸ ਦੀ ਉਮਰ 99 ਵਰ੍ਹੇ ਸੀ। ਕੁਰਾਨ ਵਿੱਚ ਇਬਰਾਹੀਮ ਨੂੰ ਖਲੀਲੁੱਲਾ (ਅੱਲ੍ਹਾ ਦਾ ਮਿਤ੍ਰ) ਲਿਖਿਆ ਹੈ। ਇਬਰਾਹੀਮ ਦੀ ਸਾਰੀ ਉਮਰ ੧੭੫ ਵਰ੍ਹੇ ਦੀ ਸੀ। ਇਸ ਦੀ ਕਬਰ ਹਰੂੰ (ਅਬਰੋਨ) ਫਿਲਸਤੀਨ (ਫਅਲਇਸਟਨਿਏ) ਚ ਯਾਤਰਾ ਦਾ ਅਸਥਾਨ ਹੈ। ਕਬੀਰ ਜੀ ਇਸ ਤੁਕ ਦਾ-ਸਕਤਿ ਸਨੇਹ ਕਰਿ ਸੁੰਨਤਿ ਕਰੀਐ ਮੈ ਨ ਬਦਉਂਗਾ ਭਾਈ॥ ਜਉ ਰੇ ਖੁਦਾਇ ਮੁਹਿ ਤੁਰਕ ਕਰੇਗਾ ਆਪਨ ਹੀ ਕਟਿ ਜਾਈ॥ ਦਾ ਅਰਥ ਕਰਦੇ ਗਿਆਨੀ ਇੱਕ ਲੋਕ ਪ੍ਰਸਿੱਧ ਕਥਾ ਸੁਣਾਇਆ ਕਰਦੇ ਹਨ ਕਿ "ਸਰਾਹ" ਨੇ ਇਬਰਾਹੀਮ ਤੋਂ ਪ੍ਰਣ ਕਰਵਿਆ ਸੀ ਕਿ ਉਹ "ਹਾਜਿਰਾ" ਨਾਲ ਸੰਗ ਨਾ ਕਰੇ, ਜੇ ਕਰੇਗਾ ਤਾਂ ਭਾਰੀ ਦੰਡ ਦਾ ਅਧਿਕਾਰੀ ਹੋਵੇਗਾ ਪ੍ਰਤੂੰ ਇਬਰਾਹੀਮ ਨੇ ਪ੍ਰਤੱਗਿਆ ਭੰਗ ਕੀਤੀ ਜਿਸ ਤੇ "ਸਰਾਹ" ਨੇ ਪਤੀ ਦੇ ਪ੍ਰੇਮ ਵਿੱਚ ਆ ਕੇ, ਵੱਡੀ ਸਜਾ ਨੂੰ ਛੋਟੀ ਵਿੱਚ ਬਦਲ ਦਿੱਤਾ ਅਰਥਾਤ ਮੁੱਛਾਂ ਤੇ ਇੰਦ੍ਰੀ ਦਾ ਅਵਰਨ ਰੂਪ ਮਾਸ ਕੱਟ ਕੇ, ਪ੍ਰਣਭੰਗ ਦਾ ਪ੍ਰਾਸਚਿਤ ਕੀਤਾ। ਚਾਹੇ ਇਹ ਕਥਾ ਬਾਈਬਲ ਤੇ ਕੁਰਾਨ ਵਿੱਚ ਨਹੀ ਪ੍ਰੰਤੂ ਇਸ ਦਾ ਬੀਜ ਮਜ਼ੂਦ ਹੈ ਕਿ "ਸਰਾਹ" ਦੇ ਕਹਿਣ 'ਤੇ ਇਬਰਾਹੀਮ ਨੇ "ਹਾਜ਼ਿਰਾ" ਨੂੰ ਪੁੱਤ੍ਰ ਸਮੇਤ ਘਰੋ ਕੱਢ ਦਿੱਤਾ ਅਤੇ ਸੁੰਨਤ ਦੀ ਰਸਮ ਇਬਰਾਹੀਮ ਤੋਂ ਚੱਲੀ ਸੀ।



ਅਵਤਾਰ ਸਿੰਘ ਮਿਸ਼ਨਰੀ
510-432-5827

ਸੁੰਨਤ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ-ਜੇ ਸ਼ਰਮ ਦੀ ਸੁੰਨਤ ਤੇ ਸੰਜਮ ਦਾ ਰੋਜਾ (ਵਰਤ) ਹੋਵੇ ਤਾਂ ਹੀ ਮੁਸਲਮਾਨ ਹੋਈਦਾ ਹੈ-ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ॥(੧੪੦) ਕਬੀਰ ਸਾਹਿਬ ਲਿਖਦੇ ਹਨ ਕਿ ਸੁੰਨ ਕਰਨ ਨਾਲ ਜੇ ਤੁਰਕ (ਮੁਸਲਮਾਨ) ਹੋਈਦਾ ਹੈ ਤਾਂ ਔਰਤ ਦੀ ਸੁੰਨਤ ਕਿਵੇਂ ਕਰੋਗੇ? ਪਰ ਤੁਸੀ ਔਰਤ ਨੂੰ ਛੱਡ ਨਹੀਂ ਸਕਦੇ ਤਾਂ ਤੇ ਉਹ ਹਿੰਦੂ ਹੀ ਰਹੇਗੀ। ਇਸ ਲਈ ਕਤੇਬਾਂ ਆਦਿਕ ਸ਼ਰਾ ਵਾਲੇ ਝਗੜੇ ਛੱਡ ਕੇ ਰਮੇ ਰਾਮ ਨੂੰ ਯਾਦ ਕਰੋ ਇਹ ਸਰੀਰਕ ਅੰਗ ਕੱਟਣ ਵਾਲੀ ਜਬਰਦਸਤੀ ਕਰਨੀ ਜ਼ੁਰਮ ਹੈ-ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੇਗਾ ਆਪਨ ਹੀ ਕਟਿ ਜਾਈ॥੨॥ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥੩॥ ਛਾਡਿ ਕਤੇਬ ਰਾਮੁ ਭਜੁ ਬਉਰੇ ਜ਼ੁਲਮ ਕਰਤ ਹੈ ਭਾਰੀ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥੪॥੮॥(੪੭੭) ਜਿਵੇਂ ਮੁਸਲਮਾਨਾਂ ਨੇ ਕੁਰਾਨ ਤੋਂ ਬਾਹਰ ਜਾ ਕੇ ਕੁਝ ਦੰਦ ਕਥਾਵਾਂ ਨੂੰ ਮੰਨ ਕੇ ਸ਼ਰਾਹ ਬਣਾ ਲਈ ਤੇ ਅੱਜ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਛੱਡ ਸਿੱਖਾਂ ਨੇ ਵੀ ਮਰਯਾਦਾ (ਸ਼ਰਾਹ) ਬਣਾ ਲਈ ਹੈ ਤੇ ਮੁਸਲਮਾਨ ਤੇ ਸਿੱਖ ਦੋਵੇਂ ਆਪੋ ਆਪਣੀ ਥਾਈਂ ਮਰਯਾਦਾ (ਸ਼ਰਾਹ) ਦੇ ਨਾਂ ਤੇ ਹੀ ਲੜੀ ਮਰੀ ਜਾ ਰਹੇ ਹਨ। ਸਿੱਖਾਂ ਵਾਸਤੇ ਤਾਂ ਸੋਚਣ ਵਾਲੀ ਗੱਲ ਹੈ ਕਿ ਜੇ ਗੁਰੂ ਨਾਨਕ ਸਾਹਿਬ ਤੋਂ ਸਿੱਖ ਮਿਸਲਾਂ ਤੱਕ "ਗੁਰੂ ਗ੍ਰਥ ਸਾਹਿਬ ਦੇ ਅਟੱਲ ਸਿਧਾਂਤ ਹੀ ਸਿੱਖਾਂ ਦੀ ਮਰਯਾਦਾ ਸੀ" ਤਾਂ ਫਿਰ ੧੯੩੨ ਵੇਲੇ ਪਾਠਾਂ ਦੇ ਕਰਮਕਾਂਡ, ਰਾਗ ਮਾਲਾ ਪੜ੍ਹੋ ਜਾਂ ਨਾ ਪੜ੍ਹੋ ਦੋਗਲੀ ਨੀਤੀ ਅਤੇ ਭਗਾਉਤੀ (ਦੁਰਗਾ) ਦੀ ਅਰਾਧਨਾ ਆਦਿਕ ਲੜਾਈ ਝਗੜੇ ਦੇ ਵਾਦ ਵਿਵਾਦ ਪੈਦਾ ਕਰਨ ਵਾਲੀ ਮਰਯਾਦਾ (ਸ਼ਰਾਹ) ਕਿਉਂ ਚਲਾਈ ਤੇ ਅੱਜ ੨੧ ਵੀਂ ਸਦੀ ਵਿੱਚ ਇਸ ਦਾ ਤਿਆਗ ਕਰਕੇ "ਗੁਰੂ ਗ੍ਰਥ ਸਾਹਿਬ" ਦੀ ਕਸਵੱਟੀ ਤੇ ਸੋਧ ਕਿਉਂ ਨਹੀਂ ਲੈਣੀ ਚਾਹੀਦੀ?

ਸੋ ਮੁਸਲਮਾਨਾਂ ਤੇ ਸਿੱਖਾਂ ਨੂੰ ਬਦਲਦੇ ਸਮੇਂ ਤੇ ਵਾਤਾਵਰਨ ਅਨੁਸਾਰ ਸ਼ਰਾਹ ਤੇ ਮਰਯਾਦਾ ਨੂੰ ਨਵੇਂ ਯੁੱਗ ਦੇ ਹਾਲਾਤਾਂ ਮੁਤਾਬਿਕ ਸੋਧ ਲੈਣਾ ਚਾਹੀਦਾ ਹੈ ਜੋ ਸਰਬ ਵਿਆਪੀ ਸੰਸਾਰ ਵਿੱਚ ਬਿਨਾ ਮੁਸ਼ਕਲ ਅਪਣਾਈ ਜਾ ਸਕੇ।

# ਪੰਜਾਬ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਯਤਨਸੀਲ "ਕਮਰਜੀਤ ਸਿੰਘ ਸੇਖੋਂ"

ਅਜੋਕੇ ਤੇਜ-ਤਰਾਰ ਯੁੱਗ 'ਚ ਕਿਸੇ ਕੋਲ ਵੀ ਵਿਹਲ ਨਹੀਂ ਹੈ। ਹਰ ਇਨਸਾਨ ਆਪਣਾ ਤੋਰੀ-ਫੁਲਕਾ ਤੋਰਨ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ, ਪਰ ਫਿਰ ਵੀ ਕਈ ਇਨਸਾਨਾਂ ਨੇ ਆਪਣੇ ਸ਼ੌਕ ਦੀ ਫੁਲਵਾੜੀ ਵਿਚ ਅਨੇਕਾਂ ਤਰ੍ਹਾਂ ਦੇ ਫੁੱਲ ਲਾਏ ਹੋਏ ਹਨ, ਜਿਨ੍ਹਾਂ ਦੀ ਖੁਸਬੂ ਉਹ ਆਪ ਵੀ ਮਾਣ ਰਹੇ ਹਨ ਤੇ ਹੋਰਾਂ ਨੂੰ ਵੀ ਵੰਡ ਰਹੇ ਹਨ। ਮੈਂ ਅਜਿਹੇ ਹੀ ਇਕ ਆਪਣੇ ਆਲੇ-ਦੁਆਲੇ ਨੂੰ ਮਹਿਕਾਂ ਵੰਡਣ ਵਾਲੇ ਤੇ ਆਪ ਮਹਿਕਾਂ ਮਾਣਨ ਵਾਲੇ ਵਿਸ਼ੇਸ ਚਿਹਰੇ ਨਾਲ ਤੁਹਾਡਾ ਤੁਆਰਫ ਕਰਵਾ ਰਿਹਾ ਹਾਂ, ਜੋ





ਕਮਰਜੀਤ ਸਿੰਘ ਸੇਖੋਂ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਜਿਸ ਕੋਲ ਭਾਰਤੀ ਤੇ ਖਾਸ ਕਰਕੇ ਪੰਜਾਬੀ ਵਿਰਾਸਤ ਨਾਲ ਸੰਬੰਧਿਤ ਪੁਰਾਤਨ ਵਸਤਾਂ ਦਾ ਅਨਮੋਲ ਖਜ਼ਾਨਾ ਸਾਂਭਿਆ ਪਿਆ ਹੈ। ਕਮਰਜੀਤ ਸਿੰਘ ਸੇਖੋਂ ਵੱਲੋਂ ਸੰਭਾਲੀਆਂ ਇਨ੍ਹਾਂ ਵਸਤਾਂ ਵਿਚ 13 ਰਿਆਸਤਾਂ ਦੇ ਸਟੈਪ ਪੇਪਰ, 21 ਰਿਆਸਤਾਂ ਦੀਆਂ ਪੋਸਟਲ ਸਟੈਂਪ, ਦੋ ਰਿਆਸਤਾਂ ਦੀਆਂ ਹੁੰਡੀਆਂ, ਦੁਨੀਆਂ ਦੇ 144 ਮੁਲਕਾਂ ਦੀਆਂ ਕਰੰਸੀਆਂ ਦੇ ਸਿੱਕੇ ਅਤੇ ਨੋਟ, ਬ੍ਰਿਟਿਸ ਰਾਜ ਦੇ ਸਮੇਂ ਦੇ 100 ਮੈਡਲ, ਗਵਾਲੀਅਰ, ਇੰਦੋਰ, ਹੈਦਰਾਬਾਦ, ਬਹਾਵਲਪੁਰ, ਬੂੰਦੀ, ਜੇਸਲਮੇਰ, ਅਵਧ, ਅਲਵਰ, ਅਹਮਦ ਨਗਰ, ਬੜੌਦਾ, ਮੈਸੂਰ, ਕੁਛ-ਭੁਜ, ਤਰਾਵਨਕੋਰ ਅਤੇ ਜੰਮੂ ਰਿਆਸਤਾਂ, ਮੁਹੰਮਦ ਗੌਰੀ, ਕੁਤਬਦੀਨ, ਐਬਕ, ਰਜੀਆਂ ਜਲਾਲਉਦੀਨ, ਘਿਆਸ਼ ਉਲਦੀਨ, ਤੁਗਲਕ, ਫੀਰੋਜ ਸ਼ਾਹ, ਅਬੂ ਬਕਰ ਸਾਹਤੁਗਲਕ, ਅਲਾਉਦੀਨ ਸਿਕੰਦਰ ਸ਼ਾਹ, ਫਰੀਦਉਦੀਨ, ਸ਼ੇਰ ਸਾਹ ਸੂਰੀ, ਬੈਹਲਲ ਲੋਧੀ, ਖਿਜਾਰ ਖਾਨ ਅਤੇ ਆਲਮ ਸ਼ਾਹ ਸੁਲਤਾਨਾ ਦੇ ਸਿੱਕੇ ਮੌਜੂਦ ਹਨ। ਇਥੇ ਹੀ ਬਸ ਨਹੀਂ ਸਿਵਲ ਡਿਫੈਂਸ ਦਾ ਚੀਫ ਵਾਰਡਨ ਰਹੇ ਇਸ ਸਖ਼ਸ ਕੋਲ ਜਲਾਲਉਦੀਨ ਮੁਹੰਮਦ ਅਕਬਰ ਜਹਾਂਗੀਰ, ਸ਼ਾਹ ਜਹਾਂ, ਮੁਗਲ ਬਾਦਸ਼ਾਹ ਬਾਬਰ ਹਮਾਯੂ, ਔਰੰਗਜੇਬ ਆਲਮਗੀਰ, ਅਹਿਮਦ ਸ਼ਾਹ, ਮੁਹੰਮਦ ਸ਼ਾਹ, ਅਜ਼ੀਜਉਦੀਨ, ਮਹਾਰਾਜਾ ਰਣਜੀਤ ਸਿੰਘ, ਅਕਬਰ ਅਤੇ ਈਸਟ ਇੰਡੀਆ ਕੰਪਨੀ ਆਦਿ ਭਾਰਤ ਦੀਆਂ 49 ਰਿਆਸਤਾਂ ਤੇ 31 ਦਿੱਲੀ ਦੇ ਸੁਲਤਾਨਾਂ ਦੇ ਸਿੱਕੇ ਵੀ ਸਾਂਭ ਕੇ ਰੱਖੇ ਹੋਏ ਹਨ। ਕਮਰਜੀਤ ਬੜੇ ਮਾਣ ਨਾਲ ਆਖਦਾ ਹੈ ਕਿ ਉਸ ਪਾਸ ਅਜਿਹੇ ਨੋਟ, ਸਿੱਕੇ ਅਤੇ ਮੈਡਲ ਵੀ ਮੌਜੂਦ ਹਨ ਜਿਹੜੇ ਉਨ੍ਹਾਂ ਰਿਆ-ਸਤਾਂ ਦੇ ਵਾਰਸਾਂ ਕੋਲ ਵੀ ਨਹੀਂ ਹੋਣੇ। ਕਮਰਜੀਤ ਸਿੰਘ ਨੇ ਮਨਭਾਉਂਦੇ ਸੰਖ, ਸਿੱਪੀਆਂ, ਕੌਡੀਆਂ ਤੇ ਮਹਿੰਗੇ ਪੱਥਰਾਂ ਦਾ ਅਨਮੋਲ ਖ਼ਜਾਨਾ ਵੀ ਵਰੀ ਤੇ ਦਾਜ ਵਾਂਗ ਸਾਂਭਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਦੇ ਇਸ ਸੈਦਾਈ ਕੋਲ ਸੁਰਮੇਦਾਨੀਆਂ, ਜ਼ਿੰਦਰੇ, ਪੁਰ-ਾਤਨ ਬਰਤਨ, ਕੰਗਣੀ ਵਾਲੇ ਗਲਾਸ, ਛੰਨੇ, ਸਿਆਹੀ ਦੀਆਂ ਦਵਾਤਾਂ, ਵੱਟੇ ਅੱਧੀ ਛਟਾਂਕ ਤੋਂ ਲੈ ਕੇ ਪੰਜ ਸੇਰ ਤੱਕ, ਸੁਰਮਚੂ ਤੇ ਹੋਰ ਬਹੁਤ ਸਾਰੀਆਂ ਪੰਜਾਬ ਦੇ ਸੱਭਿਆਚਾਰ ਵਿਰਸੇ ਨਾਲ ਸੰਬੰਧਿਤ ਵਸਤਾਂ ਵੀ ਸਾਂਭੀਆਂ ਹੋਈਆਂ ਹਨ। ਜੋ ਉਸ ਨੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਇਕੱਠੀਆਂ ਕੀਤੀਆਂ ਹਨ। ਉਸ ਦੀ ਮਿਹਨਤ ਦਾ ਨਤੀਜਾ ਹੈ ਕਿ ਅੱਜ ਜਦੋਂ ਵਧੇਰੇ ਤੋਂ ਜਿਆਦਾ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਪੁਰਾਤਨ ਚੀਜ਼ਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ, ਉਥੇ ਕਮਰਜੀਤ ਸਿੰਘ ਸੇਖੋਂ ਕੋਲ ਇਸ ਅਣਮੋਲ ਖ਼ਜਾਨੇ ਦਾ ਵੱਡਾ ਭੰਡਾਰ ਮੌਜੂਦ ਹੈ। ਕਮਰਜੀਤ ਸਿੰਘ ਸੇਖੋਂ ਨੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਅਲੋਪ ਹੋ ਰਹੀਆਂ ਤੇ ਅਲੋਪ ਹੋ ਚੁੱਕੀਆਂ ਚੀਜ਼ਾਂ ਨੂੰ ਜਿਊਂਦਾ ਜਾਗਦਾ ਰੱਖਣ ਲਈ ਆਪਣੇ ਘਰ ਵਿਚ ਇਕ ਨਿੱਜੀ ਅਜਾਇਬ ਘਰ ਬਣਾਇਆ ਹੋਇਆ ਹੈ। ਜਿਸ 'ਚ ਉਸ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਇਨ੍ਹਾਂ ਵਸਤਾਂ ਨੂੰ ਖੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਇਸ ਤੋਂ ਇਲਾਵਾ ਕਮਰਜੀਤ ਸਿੰਘ ਇਕ ਚੰਗਾ ਸਮਾਜ ਸੇਵਕ ਵੀ ਹੈ। ਉਸ ਨੇ ਜਨਰੇਸ਼ਨ ਵੈਲਫੇਅਰ ਫਾਊਂਡੇਸਨ ਨਾਂਅ ਦੀ ਸੰਸਥਾ ਬਣਾਈ ਹੋਈ ਹੈ, ਜਿਹੜੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹਰ ਪੰਚਵੀਂ ਵਾਲੇ ਦਿਨ ਮੁਫਤ ਮੈਡੀਕਲ ਕੈਂਪ ਲਗਾਉਂਦੀ ਹੈ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਫ੍ਰੀ ਪੌਦੇ ਵੀ ਵੰਡਦੀ ਹੈ। 55 ਵਰ੍ਹਿਆ ਦੇ ਕਮਰਜੀਤ ਸਿੰਘ ਦਾ ਕਹਿਣਾ ਹੈ ਕਿ ਇਸ ਸ਼ੌਕ ਵਿਚ ਉਸ ਦੇ ਪਰਿਵਾਰ ਦਾ ਉਸ ਨੂੰ ਪੂਰਾ ਸਹਿਯੋਗ ਹੈ। ਉਸ ਦੇ ਇਸ ਸ਼ੌਕ ਬਾਰੇ ਪਟਿਆਲਾ ਦੂਰਦਰਸ਼ਨ ਵੱਲੋਂ ਉਸ ਉੱਪਰ ਇਕ ਫਿਲਮ ਵੀ ਬਣਾਈ ਜਾ ਚੁੱਕੀ ਹੈ। ਕਮਰਜੀਤ ਸਿੰਘ ਸੇਖੋਂ ਨੇ ਪਿਤਾ ਸ ਰਾਮ ਸਿੰਘ ਸੇਖੋਂ ਤੇ ਮਾਤਾ ਸ੍ਰੀਮਤੀ ਜਸਵੰਤ ਕੌਰ ਸੇਖੋਂ ਦੇ ਘਰ 4 ਫਰਵਰੀ 1962 ਨੂੰ ਰੌਣਕਾਂ ਬਖੇਰੀਆਂ। ਦੋ ਬੱਚਿਆਂ ਦਾ ਪਿਤਾ ਕਮਰਜੀਤ ਸਿੰਘ ਸੇਖੋਂ ਜਨਮ ਤੋਂ ਭਾਂਵੇ ਪਿੰਡ ਬੌੜਵਾਲ (ਮਾਨਸਾ) ਨਾਲ ਸਬੰਧ ਰੱਖਦਾ ਹੈ ਪਰ ਅੱਜ-ਕੱਲ੍ਹ ਉਹ ਵਿਰਾਸਤੀ ਸਹਿਰ ਪਟਿਆਲਾ ਵਿਖੇ ਆਪਣੀ ਹਮਸ਼ਫਰ ਪਤਨੀ ਨਾਲ ਜ਼ਿੰਦਗੀ ਦੇ ਪਲ ਸਾਂਝੇ ਕਰ ਰਿਹਾ ਹੈ।



ਤਸਵਿੰਦਰ ਸਿੰਘ ਬੜੈਚ
98763-22677


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਟੈਂਪਲ ਟਾਇਰਾ ਬਿਊਨਾ ਦੇ ਇਸ ਹਫਤੇ ਦੇ ਸਮਾਗਮ




* ਸਿੱਖ ਟੈਂਪਲ ਟਾਇਰਾ ਬਿਊਨਾ ਵਿਖੇ 3 ਜਨਵਰੀ ਦਿਨ ਬੁੱਧਵਾਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਸਿਮਰਨ ਸੇਵਾ ਸੁਸ-ਾਇਟੀ ਵੱਲੋਂ ਕੀਤੀ ਗਈ।

* 3 ਜਨਵਰੀ ਨੂੰ ਹੀ ਸਰਦਾਰ ਬਲਰਾਜ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਸਹਿਜ ਪਾਠ ਸਾਹਿਬ ਪ੍ਰਾਰੰਭ ਹੋਏ।

* 5 ਜਨਵਰੀ ਦਿਨ ਸ਼ੁੱਕਰਵਾਰ ਤੋਂ 7 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ।

* 6 ਜਨਵਰੀ ਦਿਨ ਸ਼ਨਿਚਰਵਾਰ ਨੂੰ ਜਸਵੰਤ ਸਿੰਘ ਬੈਂਸ ਦੇ ਗ੍ਰਹਿ ਵਿਖੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।

* 7 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ। ਪਾਠ ਅਤੇ ਲੰਗਰ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ ਜੀ।

* 7 ਜਨਵਰੀ ਦਿਨ ਐਤਵਾਰ ਨੂੰ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਸਰਦਾਰ ਹਰਭਜਨ ਸਿੰਘ ਤੱਖਰ ਦੇ ਗ੍ਰਹਿ ਵਿਖੇ ਪਾਏ ਜਾਣਗੇ।

**ਹੋਰ ਜਾਣਕਾਰੀ ਲਈ ਗੁਰੂ ਘਰ ਵਿਖੇ 530-673-9918 ਤੇ ਸੰਪਰਕ ਕਰੋ ਜੀ।**

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 'ਸਾਕਾ ਸਰਹਿੰਦ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ

**ਫਰੀਮਾਂਟ (ਕੈਲੇਫੋਰਨੀਆ) (ਬਿਊਰੋ)–** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ ਦਰਾਜ ਗੁਰਦੁਆਰਾ ਵਿਚ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਉਸੇ ਲੜੀ ਵਿਚ ਉਤਰੀ ਕੈਲੀਫੋਰਨੀਆ ਬੇ-ਏਰੀਆ ਵਿਖੇ ਸਥਾਪਤ ਇਕ ਪ੍ਰਭਾਵਸ਼ਾਲੀ ਅਤੇ ਉਤੇ ਤੌਰ ਤੇ ਜਾਣੇ ਜਾਂਦਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਾਕਾ ਸਰਹਿੰਦ ਨੂੰ ਸਮਰਪਿਤ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਚਲਦੇ ਦੀਵਾਨਾਂ ਵਿਚ ਗੁਰਦਆਰਾ ਸਕੱਤਰ ਭਾਈ ਦਵਿੰਦਰ ਸਿੰਘ ਨੇ ਪੰਜਾਬੀ ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੂੰ ਕਾਰਵਾਈ ਚਲਾਉਣ ਦਾ ਸੱਦਾ ਦਿੱਤਾ।




ਧਾਰਮਿਕ ਕਵੀ ਦਰਬਾਰ ਵਿਚ ਠਾਕਰ ਸਿੰਘ, ਮਹਿੰਦਰ ਸਿੰਘ ਰਾਜਪੂਤ, ਤਰਸੇਮ ਸਿੰਘ ਸੁੰਮਨ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ।

# ਫਰਾਂਸ ਕੇਸ: ਟਰੈਵਲ ਏਜੰਟਾਂ ਖ਼ਿਲਾਫ਼ ਕੇਸ ਦਰਜ

**ਨਵੀਂ ਦਿੱਲੀ–** ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਗ਼ੈਰਕਾਨੂੰਨੀ ਢੰਗ ਨਾਲ ਫਰਾਂਸ ਗਏ 13 ਤੋਂ 18 ਵਰ੍ਹਿਆਂ ਦੇ 22 ਲੜਕੇ ਪਿਛਲੇ ਸਾਲ ਤੋਂ ਲਾਪਤਾ ਹਨ। ਸੀ ਬੀ ਆਈ ਮੁਤਾਬਕ ਬੱਚੇ ਕਪੂਰਥਲਾ ਦੇ ਦੋ ਸਕੂਲਾਂ ਦੇ ਵਿਦਿਆਰਥੀ ਸਨ। ਸੀ ਬੀ ਆਈ ਨੇ ਤਿੰਨ ਏਜੰਟਾਂ ਫਰੀਦਾਬਾਦ ਆਧਾਰਿਤ ਲਲਿਤ ਡੇਵਿਡ ਡੀਨ ਅਤੇ ਦਿੱਲੀ ਆਧਾਰਿਤ ਸੰਜੀਵ ਰਾਇ ਤੇ ਵਰੁਣ ਚੌਧਰੀ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਹੈ। ਉਨ੍ਹਾਂ ਨੂੰ ਰਗਬੀ ਦੀ ਕੋਚਿੰਗ ਦੇਣ ਦੇ ਬਹਾਨੇ ਫਰਾਂਸ ਲਿਜਾਇਆ ਗਿਆ ਸੀ।

ਅਧਿਕਾਰੀਆਂ ਨੇ ਤਿੰਨੇ ਏਜੰਟਾਂ ਦੇ ਟਿਕਾਣਿਆਂ 'ਤੇ ਅੱਜ ਛਾਪੇ ਮਾਰ ਕੇ ਦਸਤਾਵੇਜ਼ ਖੰਗਾਲੇ। ਅਧਿਕ-ਾਰੀਆਂ ਮੁਤਾਬਕ ਇਨ੍ਹਾਂ ਲੜਕਿਆਂ ਦੇ ਮਾਪਿਆਂ ਤੋਂ ਏਜੰਟਾਂ ਨੇ 25 ਤੋਂ 30 ਲੱਖ ਰੁਪਏ ਵਸੂਲ ਕੀਤੇ ਸਨ। ਟਰੈਵਲ ਏਜੰਟਾਂ ਨੇ ਵਾਪਸੀ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਸਨ ਪਰ ਦੋ ਬੱਚੇ ਪਹਿਲਾਂ ਹੀ ਭਾਰਤ ਪਰਤ ਆਏ ਅਤੇ ਇਕ ਬੱਚੇ ਨੂੰ ਫਰਾਂਸ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

# ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਕਰਜ਼ਾ ਮੁਆਫ਼ੀ ਬਾਰੇ ਭੰਬਲਭੂਸਾ ਬਰਕਰਾਰ

**ਚੰਡੀਗੜ੍ਹ–** ਪੰਜਾਬ ਵਿੱਚ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਦੀ ਕਰਜ਼ਾ ਮੁਆਫ਼ੀ ਦਾ ਮਾਮਲਾ ਭੰਬਲਭੂਸੇ ਵਿੱਚ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 7 ਜਨਵਰੀ ਨੂੰ ਪੰਜ ਜ਼ਿਲ੍ਹਿਆਂ ਦੇ ਢਾਈ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦਾ ਸਹਿਕਾਰੀ ਫਸਲੀ ਕਰਜ਼ਾ ਮੁਆਫ਼ ਕਰਨ ਦੇ ਸਮਾਗਮ ਵਿੱਚ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਆਉਣ ਜਾਂ ਨਾ ਆਉਣ ਬਾਰੇ ਫਿਲਹਾਲ ਕੋਈ ਵੀ ਅਧਿਕਾਰੀ ਸਪੱਸ਼ਟ ਨਹੀਂ ਕਰ ਸਕਿਆ ਹੈ।

ਸੂਤਰਾਂ ਅਨੁਸਾਰ ਇਸ ਸਮਾਗਮ ਦੌਰਾਨ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਅਪਰੈਲ 2016 ਤੋਂ ਮਾਰਚ 2017 ਤੱਕ ਦੇ ਸਹਿਕਾਰੀ ਫਸਲੀ ਕਰਜ਼ੇ ਦੀ ਮੁਆਫ਼ੀ ਬਾਰੇ ਚਰਚਾ ਤਾਂ ਹੋ ਰਹੀ ਹੈ ਪਰ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ ਹੈ। ਸਰਕਾਰ ਇਸ ਬਾਰੇ ਵੀ ਫੈਸਲਾ ਨਹੀਂ ਕਰ ਸਕੀ ਕਿ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਜੇਕਰ ਮੁਆਫ਼ ਕਰਨਾ ਹੈ ਤਾਂ ਇਹ ਕਿਸ ਸਾਲ ਤੋਂ ਮੁਆਫ਼ ਕੀਤਾ ਜਾਵੇ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ 7 ਜਨਵਰੀ ਨੂੰ ਵੀ ਕੁਝ ਨਾ ਕੁਝ ਹੋਵੇਗਾ ਤਾਂ ਸਹੀ, ਪਰ ਅਜੇ ਕੋਈ ਸਪੱਸ਼ਟ ਫੈਸਲਾ ਨਹੀਂ ਹੈ।

ਕਰਜ਼ਾ ਮੁਆਫ਼ੀ ਯੋਜਨਾ ਨਾਲ ਜੁੜੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ ਪੰਜ ਜ਼ਿਲ੍ਹਿਆਂ ਮਾਨਸਾ, ਬਠਿੰਡਾ, ਮੋਗਾ, ਮੁਕਤਸਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਦੇ ਪੁਸ਼ਟੀ ਹੋ ਚੁੱਕੇ ਲਗਭਗ 47 ਹਜ਼ਾਰ ਕਿਸਾਨ ਢਾਈ ਏਕੜ ਤੋਂ ਘੱਟ ਵਾਲੇ ਸਹਿਕਾਰੀ ਫਸਲਾ ਕਰਜ਼ਾ ਮੁਆਫ਼ੀ ਦੇ ਦਾਇਰੇ ਵਿੱਚ ਆਉਂਦੇ ਹਨ। ਸੂਬਾ ਪੱਧਰ ਉੱਤੇ ਸਹਿਕਾਰੀ ਕਰਜ਼ੇ ਦੇ ਦਾਇਰੇ ਵਿੱਚ ਆਉਣ ਵਾਲੇ ਅਜਿਹੇ ਲਗਭਗ 1.67 ਲੱਖ ਕਿਸਾਨ ਹਨ। ਸਰਕਾਰ ਕੋਲ ਸਾਰੀਆਂ ਬੈਂਕਾਂ ਦੇ ਵੀ ਪੂਰੇ ਅੰਕੜੇ ਇਕੱਠੇ ਹਨ ਪਰ ਪਹਿਲੀ ਤਰਜੀਹ ਸਹਿਕਾਰੀ ਸੰਸਥਾਵਾਂ ਦੇ ਕਰਜ਼ੇ ਨੂੰ ਦੇਣ ਦਾ ਫੈਸਲਾ ਕੀਤਾ ਹੈ।

ਪਹਿਲੀ ਕਿਸ਼ਤ ਵਿੱਚ ਸਰਕਾਰ ਵੱਲੋਂ ਕਰੀਬ 170 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ। ਸਹਿਕਾਰੀ ਬੈਂਕਾਂ ਵੱਲੋਂ ਫਸਲੀ ਕਰਜ਼ਾ ਕਣਕ-ਝੋਨੇ ਉੱਤੇ ਕਰੀਬ 22 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤਾ ਜਾਂਦਾ ਹੈ। ਸਬਜ਼ੀਆਂ ਉੱਤੇ 32 ਤੋਂ 34 ਹਜ਼ਾਰ ਰੁਪਏ ਕਰਜ਼ਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਿਸੇ ਵੀ ਢਾਈ ਏਕੜ ਤੋਂ ਘੱਟ ਵਾਲੇ ਕਿਸਾਨ ਸਿਰ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਸਹਿਕਾਰੀ ਫਸਲੀ ਕਰਜ਼ਾ ਨਹੀਂ ਹੋਵੇਗਾ। ਅਜੇ ਇਹ ਸੂਚੀਆਂ ਅੰਤਿਮ ਨਹੀਂ। ਸਹਿਕਾਰੀ ਬੈਂਕਾਂ ਜਾਂ ਸੁਸਾਇਟੀਆਂ ਸਾਹਮਣੇ ਲੱਗੀਆਂ ਸੂਚੀਆਂ ਵਿੱਚੋਂ ਜੋ ਵਾਜਬ ਲਾਭਪਾਤਰੀ ਰਹਿ ਗਏ ਹਨ, ਉਨ੍ਹਾਂ ਦੀਆਂ ਅਪੀਲਾਂ ਨੂੰ ਵੀ ਵਿਚਾਰਿਆ ਜਾਵੇਗਾ। ਇੱਕ ਅਨੁਮਾਨ ਅਨੁਸਾਰ ਪੰਜਾਬ ਵਿੱਚ ਢਾਈ ਏਕੜ ਤੋਂ ਘੱਟ ਵਾਲੇ ਸਾਰੀਆਂ ਬੈਂਕਾਂ ਦੇ ਕਰਜ਼ਾ ਮੁਆਫ਼ੀ ਦੇ ਦਾਇਰੇ ਵਿੱਚ ਲਗਭਗ ਸਾਢੇ ਪੰਜ ਲੱਖ ਕਿਸਾਨ ਆਉਂਦੇ ਹਨ। ਸਰਕਾਰ ਨੇ ਅੰਕੜੇ ਤਾਂ ਸਾਰੇ ਇਕੱਠੇ ਕਰ ਲਏ ਪਰ ਇਸ ਨੂੰ ਕਿਸ਼ਤਾਂ ਵਿੱਚ ਐਲਾਨਿਆ ਜਾਵੇਗਾ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦਾ ਵੱਡਾ ਇਕੱਠ ਕਰਕੇ ਕਰਜ਼ਾ ਮੁਆਫ਼ੀ ਦੀ ਕਿਸ਼ਤ ਦਾ ਐਲਾਨ ਕਰਕੇ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਅੱਗੋਂ ਹੋਰ ਸਮਾਗਮ ਵੀ ਹੋਣਗੇ। ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਹੱਕ ਕਮੇਟੀ ਦੀ ਰਿਪੋਰਟ ਮਿਲ ਜਾਣ ਉੱਤੇ ਢਾਈ ਏਕੜ ਤੋਂ ਘੱਟ ਵਾਲਿਆਂ ਦਾ ਦੋ ਲੱਖ ਰੁਪਏ ਅਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਅਤੇ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਵਾਲਿਆਂ ਦਾ ਵੀ ਦੋ ਲੱਖ ਰੁਪਏ ਫਸਲੀ ਕਰਜ਼ੇ ਦਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ।

# ਹਮੇਸ਼ਾ ਲਈ ਬੰਦ ਹੋਇਆ ਬਠਿੰਡਾ ਥਰਮਲ

**ਬਠਿੰਡਾ–** ਬਠਿੰਡਾ ਦਾ ਥਰਮਲ ਪਲਾਂਟ ਸਵਾ 43 ਵਰ੍ਹਿਆਂ ਮਗਰੋਂ ਰਸਮੀ ਤੌਰ 'ਤੇ ਬੰਦ ਹੋ ਗਿਆ ਹੈ। ਥਰਮਲ ਪਲਾਂਟ ਦਾ ਪਹਿਲਾ ਯੂਨਿਟ 22 ਸਤੰਬਰ 1974 ਨੂੰ ਚਾਲੂ ਹੋਇਆ ਸੀ। ਭਾਵੇਂ ਥਰਮਲ ਮੁਲਾਜ਼ਮਾਂ ਨੇ ਦੋ ਸ਼ਿਫ਼ਟਾਂ 'ਚ ਡਿਊਟੀ ਤਾਂ ਨਿਭਾਈ ਪਰ ਇਨ੍ਹਾਂ ਮੁਲਾਜ਼ਮਾਂ ਨੂੰ ਆਉਂਦੇ ਦਿਨਾਂ ਅੰਦਰ ਨੇੜਲੀਆਂ ਥਾਵਾਂ 'ਤੇ ਬਦਲਿਆ ਜਾਣਾ ਹੈ। ਇਸੇ ਦੌਰਾਨ ਠੇਕਾ ਮੁਲਾਜ਼ਮਾਂ ਨੇ ਮਿਨੀ ਸਕੱਤਰੇਤ ਅੱਗੇ ਪੱਕਾ ਮੋਰਚਾ ਲਾ ਦਿੱਤਾ ਹੈ।

ਬਠਿੰਡਾ ਥਰਮਲ ਦੇ ਮੁੱਖ ਇੰਜਨੀਅਰ ਵੀਕੇ ਗਰਗ ਨੇ ਕਿਹਾ ਕਿ ਸਰਕਾਰੀ ਫ਼ੈਸਲੇ ਅਨੁਸਾਰ ਅੱਜ ਥਰਮਲ ਬੰਦ ਕਰ ਦਿੱਤਾ ਗਿਆ ਹੈ ਜਦਕਿ ਪਹਿਲਾਂ ਥਰਮਲ 'ਨੋ ਡਿਮਾਂਡ' ਕਾਰਨ ਬੰਦ ਸੀ ਅਤੇ ਹੁਣ ਇਸ ਦੇ ਮੁੜ ਚੱਲਣ ਦੀ ਕੋਈ ਸੰਭਾਵਨਾ ਨਹੀਂ ਬਚੀ ਹੈ।

ਉਨ੍ਹਾਂ ਦੱਸਿਆ ਕਿ ਮੁਲਾਜ਼ਮ ਫਿਲਹਾਲ ਥਰਮਲ 'ਚ ਹੀ ਤਾਇਨਾਤ ਰਹਿਣਗੇ ਜਿਨ੍ਹਾਂ ਨੂੰ ਆਉਂਦੇ ਦਿਨਾਂ ਵਿੱਚ ਨੇੜਲੀਆਂ ਥਾਵਾਂ 'ਤੇ ਤਬਦੀਲ ਕਰਨ ਦਾ ਪੱਤਰ ਆ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਥਰਮਲ ਲਈ ਰੈਗੂਲਰ ਖਰੀਦਿਆ ਜਾਣ ਵਾਲਾ ਸਾਜ਼ੋ-ਸਾਮਾਨ ਬੰਦ ਕਰ ਦਿੱਤਾ ਗਿਆ ਹੈ ਅਤੇ ਰੇਲਵੇ ਦੇ ਜੋ ਬਕਾਏ ਹਨ, ਉਨ੍ਹਾਂ ਦਾ ਕੇਸ ਟ੍ਰਿਬਿਊਨਲ 'ਚ ਚਲਾ ਗਿਆ ਹੈ।

ਦੂਜੇ ਪਾਸੇ ਥਰਮਲਜ਼ ਕੰਟਰੈਕਟ ਵਰਕਰਜ਼ ਕੋਆਰਡੀਨੇਸ਼ਨ ਕਮੇਟੀ ਪੰਜਾਬ ਦੀ ਅਗਵਾਈ ਹੇਠ ਹਜ਼ਾਰਾਂ ਥਰਮਲ ਮੁਲਾਜ਼ਮਾਂ, ਔਰਤਾਂ, ਕਿਸਾਨਾਂ ਤੇ ਮਜ਼ਦੂਰਾਂ ਨੇ ਸਥਾਨਕ ਮਿੰਨੀ ਸਕੱਤਰੇਤ ਅੱਗੇ 'ਥਰਮਲ ਬਚਾਓ ਮੋਰਚਾ' ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਮੁਲਾਜ਼ਮਾਂ ਨੇ ਸਕੱਤਰੇਤ ਨੇੜਲੇ ਚੌਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ। ਐਂਪਲਾਈਜ਼ ਤਾਲਮੇਲ ਕਮੇਟੀ ਅਤੇ ਠੇਕਾ ਮੁਲਾਜ਼ਮਾਂ ਦੀ ਕਮੇਟੀ ਦੀ ਅਗਵਾਈ ਵਿੱਚ ਅੱਜ ਥਰਮਲ ਗੇਟ ਤੋਂ ਮੁਲਾਜ਼ਮਾਂ ਦਾ ਪੈਦਲ ਮਾਰਚ ਸ਼ੁਰੂ ਹੋਇਆ ਸੀ। ਇਸੇ ਦੌਰਾਨ ਰੈਗੂਲਰ ਮੁਲਾਜ਼ਮਾਂ ਨੇ ਅੱਜ ਸ਼ਹਿਰ 'ਚ ਵੱਖ ਵੱਖ ਵਪਾਰੀ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਕੀਤੀਆਂ ਤਾਂ ਜੋ ਆਉਂਦੇ ਦਿਨਾਂ 'ਚ ਰੋਸ ਵਜੋਂ ਬਾਜ਼ਾਰ ਬੰਦ ਕੀਤੇ ਜਾ ਸਕਣ।

ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਰਜਿੰਦਰ ਸਿੰਘ ਢਿੱਲੋਂ ਅਤੇ ਵਿਜੇ ਕੁਮਾਰ ਨੇ ਆਖਿਆ ਮਨਪ੍ਰੀਤ ਬਾਦਲ ਹੁਣ ਥਰਮਲ ਨੂੰ ਬੰਦ ਕਰਨ ਦੀ ਹਮਾਇਤ ਕਰ ਰਹੇ ਹਨ ਅਤੇ ਮੁਲਾਜ਼ਮਾਂ ਨੇ ਮਨਪ੍ਰੀਤ 'ਤੇ ਭਰੋਸਾ ਕਰਕੇ ਵੱਡਾ ਧੋਖਾ ਖਾ ਲਿਆ ਹੈ।

ਤਾਲਮੇਲ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਅਤੇ ਅਸ਼ਵਨੀ ਕੁਮਾਰ ਨੇ ਆਖਿਆ ਕਿ ਸਰਕਾਰ ਨੇ ਥਰਮਲ ਬੰਦ ਕਰਕੇ ਮੁਲਾਜ਼ਮਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ ਜਿਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ।

ਪੱਕੇ ਮੋਰਚੇ 'ਚ ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਤਾਲਮੇਲ ਕਮੇਟੀ ਦੇ ਗੁਰਸੇਵਕ ਸਿੰਘ ਸੰਧੂ, ਪਾਵਰਕੌਮ ਟਰਾਂਸਕੋ ਯੂਨੀਅਨ ਦੇ ਸੂਬਾ ਪ੍ਰਧਾਨ ਬਲਿਹਾਰ ਸਿੰਘ, ਲਹਿਰਾ ਥਰਮਲ ਕੰਟਰੈਕਟ ਵਰਕਰਜ਼ ਆਗੂ ਬਲਜਿੰਦਰ ਸਿੰਘ ਮਾਨ ਅਤੇ ਮੁਲਾਜ਼ਮ ਆਗੂ ਹੰਸ ਰਾਜ ਹਾਜ਼ਰ ਸਨ। ਇਸ ਮੌਕੇ ਕਮੇਟੀ ਮੈਂਬਰ ਜਗਰੂਪ ਸਿੰਘ, ਗੁਰਵਿੰਦਰ ਸਿੰਘ ਪਨੂੰ ਅਤੇ ਜਗਸੀਰ ਸਿੰਘ ਭੰਗੂ ਤੋਂ ਇਲਾਵਾ ਵਿਦਿਆਰਥੀ ਆਗੂਆਂ ਨੇ ਵੀ ਸੰਬੋਧਨ ਕੀਤਾ। ਪੁਲਿਸ ਵੱਲੋਂ ਇਸ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਵਿਆਹ-ਸ਼ਾਦੀਆਂ ਲਈ ਲੜਕੇ ਜਾਂ ਲੜਕੀ ਦੀ ਭਾਲ ਵਿਚ ਹੋ
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
www.deshdoaba.com www.ambedkartimes.com

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਜੇਕਰ ਕੋਈ ਖਬਰ ਜਾਂ ਲੇਖ ਨਹੀਂ ਛਪ ਸਕਿਆ ਤਾਂ ਹੋ ਸਕਦਾ ਹੈ ਉਹ ਸਾਡੇ ਤੱਕ ਨਹੀਂ ਪਹੁੰਚਿਆ,
ਦੁਬਾਰਾ ਯਾਦ ਕਰਵਾਏ ਜਾਣ ਲਈ ਧੰਨਵਾਦੀ ਹੋਵਾਂਗੇ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
www.deshdoaba.com www.ambedkartimes.com

# ਦੇਸ਼ ਭਗਤ ਯਾਦਗਾਰ ਹਾਲ 'ਚ ਨਵੇਂ ਵਰ੍ਹੇ ਨੂੰ ਨਵੇਂ ਅੰਦਾਜ਼ 'ਚ ਕਿਹਾ 'ਜੀ ਆਇਆਂ ਨੂੰ'

**ਜਲੰਧਰ (ਬਿਊਰੋ)**–ਨਵੇਂ ਵਰ੍ਹੇ ਨੂੰ ਨਵੇਂ ਅੰਦਾਜ਼ 'ਚ 'ਜੀ ਆਇਆਂ ਨੂੰ' ਕਹਿਣ ਅਤੇ ਜ਼ਿੰਦਗੀ ਦੇ ਉਚੇਰੇ ਮਕਸਦ ਸਰ ਕਰਨ ਦਾ ਅਹਿਦ ਕਰਨ ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਖੋਜ਼ਕਾਰ, ਉੱਚ ਵਿੱਦਿਆ ਹਾਸਲ ਕਰਨ ਵਾਲੇ ਅਕਾਦਮਿਕ ਖੋਜਾਰਥੀਆਂ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਕਿਰਤੀਆਂ ਦੇ ਸਾਂਝੇ ਪਰਿਵਾਰ ਦੀ ਨਿੱਘੀ ਮਿਲਣੀ 'ਚ ਬਹੁਤ ਹੀ ਗੰਭੀਰ ਵਿਚਾਰਾਂ ਕੀਤੀਆਂ।

ਵਿਦਿਆਰਥੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਅੰਦਰ ਮਿਲ ਰਹੇ ਨਿੱਘੇ ਸਹਿਯੋਗ ਅਤੇ ਪਰਿਵਾਰਕ ਮਾਹੌਲ ਲਈ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੰਧਲੇ ਹੋਏ ਸਮਾਜਿਕ ਸਭਿਆਚਾਰਕ ਮਾਹੌਲ ਅੰਦਰ ਇਥੇ ਆ ਕੇ ਸਾਨੂੰ ਉਤਸ਼ਾਹੀ ਚਾਨਣ ਰਿਸ਼ਮਾ ਦੀ ਰੌਸ਼ਨੀ ਮਿਲਦੀ ਹੈ। ਉਹਨਾਂ ਨੇ ਗੀਤ ਕਵਿਤਾਵਾਂ ਅਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜ਼ਿੰਦਗੀ 'ਚ ਪੜਾਈ ਦਾ ਮਕਸਦ ਸਿਰਫ਼ ਰੁਜ਼ਗਾਰ ਹਾਸਲ ਕਰਨ ਲਈ ਪੜ੍ਹਨਾ ਨਹੀਂ ਸਗੋਂ ਸਮਾਜ ਦੀ ਸੇਵਾ ਲਈ ਅਤੇ ਉਸਨੂੰ ਬਿਹਤਰ ਬਣਾਉਣ 'ਚ ਆਪਣਾ ਯੋਗਦਾਨ ਪਾਉਣ ਦਾ ਟੀਚਾ ਲੈ ਕੇ ਚੱਲਣਾ ਸਮੇਂ ਦੀ ਲੋੜ ਹੈ।



ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ ਅਤੇ ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਆਪਣੇ ਵਿਚਾਰ ਰੱਖਦਿਆਂ ਇਤਿਹਾਸ ਦੇ ਝਰੋਖੇ 'ਚੋਂ ਹਵਾਲੇ ਦੇ ਕੇ ਦੱਸਿਆ ਕਿ ਪੜ੍ਹਨ, ਵਿਚਾਰਨ, ਸੁਆਲਕਰਨ ਅਤੇ ਅਧਿਐਨ ਕਰਨ ਨਾਲ ਮਨੁੱਖੀ ਸ਼ਕਤੀਆਂ ਨੂੰ ਜ਼ਿੰਦਗੀ ਅੰਦਰ ਨਵੇਂ ਮੁਕਾਮ ਸਿਰਜਣ ਅਤੇ ਮਹਾਨ ਦੇਸ਼ ਭਗਤਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਦਾ ਮਾਰਗ ਰੁਸ਼ਨਾਉਣ ਵੱਲ ਉੱਚੀ ਪਰਵਾਜ਼ ਭਰਨ ਦਾ ਮਾਹੌਲ ਸਿਰਜਿਆ ਜਾਂਦਾ ਹੈ।

# ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਹਾਊਸ ਨੇ ਸਰਵਸੰਮਤੀ ਨਾਲ ਰਣਜੀਤ ਸਿੰਘ ਔਲਖ ਨੂੰ ਚੁਣਿਆ ਖਜ਼ਾਨਚੀ

**ਜਲੰਧਰ (ਬਿਊਰੋ)**–ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ 'ਚ ਲੰਮੇ ਅਰਸੇ ਤੋਂ ਨਿਸ਼ਕਾਮ ਸੇਵਾਵਾਂ ਅਰਪਤ ਕਰਦੇ ਆ ਰਹੇ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਔਲਖ ਨੂੰ ਵਿਸ਼ੇਸ਼ ਸਾਲਾਨਾ ਜਨਰਲ ਬਾਡੀ ਦੀ ਮੀਟਿੰਗ 'ਚ ਸਰਵ ਸੰਮਤੀ ਨਾਲ ਖਜ਼ਾਨਚੀ ਚੁਣ ਲਿਆ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਚੋਣ ਉਪਰੰਤ ਨਵੇਂ ਚੁਣੇ ਖਜ਼ਾਨਚੀ ਰਣਜੀਤ ਸਿੰਘ ਔਲਖ ਨੇ ਅਹਿਦ ਲੈਂਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਇਸ ਨਾਲ ਦੇਸ਼ ਵਿਦੇਸ਼ 'ਚ ਜੁੜੀਆਂ ਸੰਸਥਾਵਾਂ, ਵਿਅਕਤੀਆਂ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਗ਼ਦਰੀ ਦੇਸ਼ ਭਗਤਾਂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸ਼ਾਨਦਾਰ ਪਰੰਪਰਾਵਾਂ ਨੂੰ ਹਰ ਪੱਖੋਂ ਬੁਲੰਦ ਰੱਖਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ ਅਤੇ ਨਿਰਮਾਣ ਕਾਰਜ਼ਾਂ ਬਾਰੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਗ਼ਦਰੀ ਬਾਬਿਆਂ ਦੇ ਮੇਲੇ ਬਾਰੇ ਪੜਚੋਲਵੀਂ ਰਿਪੋਰਟ ਪੇਸ਼ ਕੀਤੀ, ਜਿਨ੍ਹਾਂ ਨੂੰ ਹਾਊਸ ਵੱਲੋਂ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਅਤੇ ਜੋਆਇੰਟ ਸਕੱਤਰ ਡਾ. ਪਰਮਿੰਦਰ ਨੇ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੀਆਂ ਲੋਕਾਂ ਦੀਆਂ ਆਸ਼ਾਵਾਂ ਦੀ ਪੂਰਤੀ ਲਈ ਆਜ਼ਾਦੀ ਤਵਾਰੀਖ਼ ਦੇ ਅਮੀਰ ਵਿਰਸੇ ਨੂੰ ਅੱਗੇ ਲਿਜਾਣ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਹਰ ਮਹੀਨੇ ਨਿਰੰਤਰ ਵਿਚਾਰ ਗੋਸ਼ਟੀਆਂ ਅਤੇ ਰੰਗ ਮੰਚ ਸਰਗਰਮੀਆਂ ਦਾ ਨਿਰੰਤਰ ਸਿਲਸਿਲੇ ਤੋਂ ਇਲਾਵਾ ਲੋੜੀਂਦੇ ਨਿਰਮਾਣ ਕਾਰਜ਼ਾਂ, ਲਾਇਬਰੇਰੀ, ਮਿਊਜ਼ਿਅਮ ਅਤੇ ਕਿਤਾਬ ਘਰ ਵੱਲ ਉਚੇਚਾ ਧਿਆਨ ਦਿੱਤਾ ਜਾਏਗਾ।

ਜ਼ਿਕਰਯੋਗ ਹੈ ਕਿ ਡਾ. ਦਲਜੀਤ ਸਿੰਘ ਦੇ ਅਚਨਚੇਤ ਵਿਛੋੜੇ 'ਤੇ ਕਮੇਟੀ ਦੇ ਜਨਰਲ ਹਾਊਸ ਨੇ ਖੜ੍ਹੇ ਹੋ ਕੇ ਦੁੱਖ ਪ੍ਰਗਟ ਕਰਦਿਆਂ ਸ਼ਰਧਾਂਜ਼ਲੀ ਅਰਪਨ ਕੀਤੀ।

*****

# ਮਿਹਨਤੀ, ਇਮਾਨਦਾਰ ਅਫਸਰ ਸੋਮਨਾਥ ਮਾਹੀ ਦੀ ਹੋਈ ਤਰੱਕੀ

**ਅਲਾਵਲਪੁਰ (ਬਿਊਰੋ)**– ਮਿਹ-ਨਤੀ, ਇਮਾਨਦਾਰ ਅਤੇ ਪਾਵਰਕਾਮ ਵਿਭਾਗ ਦੇ ਵਫਾਦਾਰ ਅਫਸਰ ਵਜੋਂ ਜਾਣੇ ਜਾਂਦੇ ਇੰਜੀਨੀਅਰ ਸੋਮਨਾਥ ਮਾਹੀ ਨੂੰ ਵਿਭਾਗ ਵੱਲੋਂ ਉਹਨਾਂ ਦੀਆਂ ਵਿਭਾਗ ਪ੍ਰਤੀ ਸੇਵਾਵਾਂ ਅਤੇ ਕੰਮ ਨੂੰ ਦੇਖਦਿਆਂ ਤਰੱਕੀ ਦੇ ਕੇ ਵਧੀਕ ਨਿਗਰਾਨ ਇੰਜੀਨੀਅਰ ਤੋਂ ਤਰੱਕੀ ਕਰਦਿਆਂ ਨਿਗਰਾਨ ਇੰਜੀਨੀਅਰ ਪਾਵਰਕਾਮ ਦੇ ਅਹੁਦੇ ਤੇ ਨਿਵਾਜਿਆ ਗਿਆ ਹੈ। ਉਹਨਾਂ ਨੂੰ ਪਾਵਰ ਹਾਊਸ ਮਲਿਕਪੁਰ (ਪਠਾਨਕੋਟ) ਵਿਖੇ ਤਾਇਨਾਤ ਕੀਤਾ ਗਿਆ।



# ਅਨੁਸੂਚਿਤ ਜਾਤੀ ਅਤੇ ਬੇਘਰੇ ਪਰਿਵਾਰਾਂ ਨੂੰ ਨਵੇਂ ਸਾਲ ਦਾ ਤੋਹਫਾ

## 31 ਜਨਵਰੀ ਤੱਕ ਬਲਾਕ ਵਿਕਾਸ ਅਤੇ ਪੰਚਾਇਤ ਦਫਤਰਾਂ ਵਿਚ ਦਿੱਤੀ ਜਾ ਸਕਦੀ ਹੈ ਅਰਜ਼ੀ : ਵਧੀਕ ਡਿਪਟੀ ਕਮਿਸ਼ਨਰ (ਵਿਕਾਸ)

ਲੁਧਿਆਣਾ- ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀ ਅਤੇ ਬੇਘਰੇ ਪਰਿਵਾਰਾਂ ਨੂੰ ਨਵੇਂ ਸਾਲ ਦਾ ਤੋਹਫਾ ਦਿੰਦਿਆਂ ਮਕਾਨ ਬਣਾਉਣ ਲਈ ਪਲਾਟ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਇਸ ਯੋਜਨਾ ਦਾ ਸਹੀ ਲਾਭਪਾਤਰੀਆਂ ਨੂੰ ਸਮੇਂ ਸਿਰ ਲਾਭ ਦਿਵਾਉਣ ਲਏ ਸਮਾਂ ਬੱਧ ਪ੍ਰੋਗਰਾਮ ਵੀ ਜਾਰੀ ਕੀਤਾ ਗਿਆ ਹੈ। ਇਸ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰਮਤੀ ਸੁਰਭੀ ਮਲਿਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਪ੍ਰੈਲ 2018 ਮਹੀਨੇ ਵਿਚ ਅਨੁਸੂਚਿਤ ਜਾਤੀ ਅਤੇ ਗਰੀਬ ਬੇਘਰੇ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਜਾਣਗੇ।

ਸ੍ਰੀਮਤੀ ਮਲਿਕ ਨੇ ਕਿਹਾ ਕਿ ਇਸ ਯੋਜਨਾ ਤਹਿਤ ਯੋਗ ਲਾਭਪਾਤਰੀ 231 ਜਨਵਰੀ 2018 ਤੱਕ ਆਪਣੇ ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਵਿਖੇ ਅਰਜ਼ੀਆਂ ਦੇ ਸਕਣਗੇ। ਉਪ ਮੰਡਲ ਮੈਜਿਸਟ੍ਰੇਟ ਦੀ ਅਗਵਾਈ ਵਾਲੀਆਂ ਸਬ ਡਵੀਜ਼ਨ ਪੱਧਰ ਦੀਆਂ ਕਮੇਟੀਆਂ ਵੱਲੋਂ ਇਨ੍ਹਾਂ ਅਰਜ਼ੀਆਂ ਦੀ ਪੜਤਾਲ ਅਤੇ ਸਿਫਾਰਸ਼ਾਂ ਦਾ ਕੰਮ 28 ਫਰਵਰੀ ਤੱਕ ਮੁਕੰਮਲ ਕੀਤਾ ਜਾਵੇਗਾ। ਸਹੀ ਪਾਈਆਂ ਜਾਣ ਵਾਲੀਆਂ ਅਰਜ਼ੀਆਂ ਸਬੰਧੀ 25 ਮਾਰਚ 2018 ਤੱਕ ਗਰਾਮ ਪੰਚਾਇਤਾਂ ਵੱਲੋਂ ਮਤੇ ਪਾਏ ਜਾਣਗੇ। ਜਿਸ ਉਪਰੰਤ 15 ਅਪ੍ਰੈਲ 2018 ਤੱਕ ਇਹ ਮਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)ੂੰ ਮਨਜ਼ੂਰੀ ਲਈ ਭੇਜੇ ਜਾਣਗੇ। ਇਸ ਉਪਰੰਤ 30 ਅਪ੍ਰੈਲ ਤੱਕ ਯੋਗ ਲਾਭਪਾਤਰੀਆਂ ਨੂੰ ਅਲਾਟਮੈਂਟ ਪੱਤਰ ਅਤੇ ਸਨਦਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਸ੍ਰੀਮਤੀ ਮਲਿਕ ਨੇ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਦੀ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ। ਉਹਨਾਂ ਸਮੂਹ ਉਪ ਮੰਡਲ ਮੈਜਿਸਟ੍ਰੇਟਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਸਰਕਾਰ ਦੀ ਇਸ ਯੋਜਨਾ ਨੂੰ ਅਮਲੀ ਰੂਪ ਵਿਚ ਸਮਾਂ ਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ।



# ਸਮਾਘ ਦੇ ਦਲਿਤ ਭਰਾਵਾਂ ਦੀ ਕੁੱਟਮਾਰ ਦਾ ਮਾਮਲਾ ਭਖਿਆ

## ਐਸ. ਸੀ. ਕਮਿਸ਼ਨ ਨੇ 16 ਜਨਵਰੀ ਤੱਕ ਰਿਪੋਰਟ ਮੰਗੀ

**ਸ੍ਰੀ ਮੁਕਤਸਰ ਸਾਹਿਬ, (ਬਿਊਰੋ)**– ਪਿੰਡ ਸਮਾਘ ਦੇ ਦਲਿਤ ਭਰਾਵਾਂ ਦੀ ਕੁੱਟਮਾਰ ਦੇ ਮਾਮਲੇ 'ਚ ਐਸ. ਸੀ./ਐਸ. ਟੀ. ਕਮਿਸ਼ਨ ਵੱਲੋਂ ਮੁਕਤਸਰ ਪੁਲਿਸ ਨੂੰ ਸਖਤ ਤਾਕੀਦ ਕੀਤੀ ਗਈ ਹੈ ਕਿ ਇਸ ਘਟਨਾ ਸਬੰਧੀ ਦਰਜ ਮੁਕੱਦਮੇ ਵਿਚ ਐਸ. ਸੀ./ ਐਸ. ਟੀ. ਐਕਟ ਦੀ ਧਾਰਾ ਸ਼ਾਮਲ ਕੀਤੀ ਜਾਵੇ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਇੱਥੋਂ ਦੇ ਨਹਿਰੀ ਆਰਾਮ ਘਰ ਪੁੱਜੇ ਐਸ. ਸੀ. ਕਮਿਸ਼ਨ ਦੇ ਮੈਂਬਰ ਰਾਜ ਕੁਮਾਰ ਹੰਸ ਅਤੇ ਕਰਨਬੀਰ ਇੰਦੌਰਾ ਨੇ ਪੀੜਤ ਧਿਰ ਨੂੰ ਸੁਣਨ ਤੋਂ ਬਾਅਦ ਕਿਹਾ ਕਿ ਥਾਣਾ ਬਰੀਵਾਲਾ ਵੱਲੋਂ ਪੀੜਤ ਧਿਰ ਵੱਲੋਂ ਦਿੱਤੇ ਬਿਆਨਾਂ ਦੇ ਅਨੁਸਾਰ ਮੁਕੱਦਮਾ ਦਰਜ ਨਹੀਂ ਕੀਤਾ ਗਿਆ।

ਉਹਨਾਂ ਡੀ. ਐਸ. ਪੀ. ਮੁਕਤਸਰ ਗੁਰਤੇਜ ਸਿੰਘ ਸੰਧੂ ਦੀ ਇਸ ਦਲੀਲ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਕਿਸੇ ਦਲਿਤ ਵਿਰੁੱਧ ਹੋਈ ਧੱਕੇਸ਼ਾਹੀ ਦਾ ਮੁਕੱਦਮਾ ਦਰਜ ਕਰਨ ਸਮੇਂ ਜਨਰਲ ਵਰਗ ਦਾ ਗਵਾਹ ਹੋਣਾ ਕੋਈ ਜ਼ਰੂਰੀ ਨਹੀਂ। ਪਿੰਡ ਸਮਾਘ ਦੇ ਮਾਮਲੇ ਵਿਚ ਮੁਲਜ਼ਮਾਂ ਨੇ ਪੀੜਤਾਂ ਨੂੰ ਆਪਣੇ ਘਰ ਲਿਜਾ ਕੇ ਕੁੱਟਮਾਰ ਕੀਤੀ ਹੈ। ਅਜਿਹੀ ਘਟਨਾ ਵਿਚ ਮੌਕੇ ਦਾ ਗਵਾਹ ਹੋਣਾ ਸੰਭਵ ਨਹੀਂ ਹੁੰਦਾ। ਫਿਰ ਵੀ ਪੀੜਤ ਧਿਰ ਵੱਲੋਂ ਜੋ ਗਵਾਹ ਦਿੱਤੇ ਗਏ ਹਨ ਉਹ ਕਿਸੇ ਵੀ ਵਰਗ ਨਾਲ ਸਬੰਧਤ ਹੋਣ ਪੁਲਿਸ ਇਸ 'ਤੇ ਕਿੰਤੂ ਪ੍ਰੰਤੂ ਨਹੀਂ ਕਰ ਸਕਦੀ।

ਕਮਿਸ਼ਨ ਦੇ ਮੈਂਬਰਾਂ ਨੂੰ ਪੀੜਤ ਭਰਾਵਾਂ ਸਰਬਜਤ ਸਿੰਘ, ਵਿੱਕੀ ਅਤੇ ਉਹਨਾਂ ਦੇ ਮਾਤਾ-ਪਿਤਾ ਅਤੇ ਵਿਦਿਆਰਥੀ ਆਗੂ ਮੰਗਾ ਸਿੰਘ ਆਜ਼ਾਦ ਤੇ ਗਗਨ ਸੰਗਰਾਮੀ ਨੇ ਦੱਸਿਆ ਕਿ 19 ਦਸੰਬਰ ਨੂੰ ਉਹਨਾਂ ਦੇ ਗੁਆਂਢੀ ਮਨੀ ਸਿੰਘ, ਸਨੀ ਸਿੰਘ ਅਤੇ ਉਹਨਾਂ ਦੇ ਪਿਤਾ ਸਿਕੰਦਰ ਸਿੰਘ ਜੋ ਪੁਲਿਸ ਕਰਮਚਾਰੀ ਹੈ, ਨੇ ਕਈ ਹੋਰ ਵਿਅਕਤੀਆਂ ਨਾਲ ਰਲ ਕੇ ਉਹਨਾਂ ਨੂੰ ਆਪਣੇ ਘਰ ਵਿਚ ਬੰਦ ਕਰਕੇ ਲੱਤਾਂ ਬਾਹਾਂ ਬੰਨ੍ਹ ਕੇ ਕੁੱਟਿਆ ਮਾਰਿਆ ਅਤੇ ਛੁਡਾਉਣ ਗਈ ਉਹਨਾਂ ਦੀ ਮਾਂ ਅਤੇ ਘਰ ਦੀਆਂ ਹੋਰ ਔਰਤਾਂ ਦੇ ਕੱਪੜੇ ਪਾੜ ਦਿੱਤੇ ਅਤੇ ਠੁੱਡੇ ਮਾਰੇ। ਮੁਲਜ਼ਮਾਂ ਨੇ ਉਹਨਾਂ ਨੂੰ ਜਾਤੀ ਸੂਚਕ ਸ਼ਬਦ ਬੋਲੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।




ਡੀ. ਕੇ. ਖਾਪੜੇ ਮੈਮੋਰੀਅਲ ਟਰੱਸਟ ਰਿਗਨਾਬਾੜੀ ਵਿਚ ਬਾਮਸੇਫ ਨੇ ਰਾਜਨੀਤਿਕ ਪਾਰਟੀ (ਪੀਪਲਸ ਪਾਰਟੀ ਆਫ ਇੰਡੀਆ) ਦਾ ਐਲਾਨ ਕੀਤਾ। ਮਾਸਟਰ ਬੀ. ਡੀ. ਬੋਰਕਰ ਕੌਮੀ ਪ੍ਰਧਾਨ ਅਤੇ ਮਾਸਟਰ ਹੇਮਰਾਜ ਪਟੇਲ ਜਨਰਲ ਸਕੱਤਰ ਬਣਾਏ ਗਏ ਹਨ।

# ਪਾਕਿਸਤਾਨੀ ਸਿਮ ਤੇ ਮੋਬਾਈਲ ਕੀਤਾ ਬਰਾਮਦ

**ਭਿੱਖੀਵਿੰਡ (ਭੁਪਿੰਦਰ ਸਿੰਘ)**–ਹਿੰਦ-ਪਾਕਿ ਬਾਰਡਰ 'ਤੇ ਤੈਨਾਤ ਬੀ-ਐਸਐਫ 138 ਬਟਾਲੀਅਨ ਦੇ ਜੁਵਾਨਾਂ ਵੱਲੋਂ ਸਵੇਰੇ 10 ਵਜੇ ਬੀ.ਓ.ਪੀ ਰਾਜਾਤਾਲ ਨੇੜਿਉ ਇਕ ਪਾਕਿਸਤਾਨੀ ਸਿਮ ਤੇ ਇਕ ਇੰਡੀਅਨ ਮੋਬਾਈਲ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ, ਜਦੋਂ ਕਿ ਤਸਕਰ ਧੁੰਦ ਦਾ ਫਾਇਦਾ ਉਠਾ ਕੇ ਫਰਾਰ ਹੋਣ ਵਿਚ ਸਫਲ ਹੋ ਗਿਆ। ਬੀ.ਐਸ.ਐਫ 138 ਬਟਾਲੀਅਨ ਭਿੱਖੀਵਿੰਡ ਦੇ ਕਮਾਂਡੈਂਟ ਜੇ.ਕੇ. ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਸਾਲ ਨੂੰ ਮੁੱਖ ਰੱਖਦਿਆਂ ਬੀ.ਐਸ.ਐਫ ਦੇ ਜੁਵਾਨਾਂ ਵੱਲੋਂ ਸਰਹੱਦ 'ਤੇ ਮੁਸਤੈਦੀ ਨਾਲ ਪਹਿਰਾ ਦਿੱਤਾ ਜਾ ਰਿਹਾ ਸੀ ਤਾਂ ਸਵੇਰੇ 10 ਵਜੇ ਦੇ ਕਰੀਬ ਬੀ.ਓ.ਪੀ. ਰਾਜਾਤਾਲ ਚੌਕੀ ਨੇੜੇ ਇਕ ਵਿਅਕਤੀ ਦਿਖਾਈ ਦਿੱਤਾ ਤਾਂ ਜੁਵਾਨਾਂ ਵੱਲੋਂ ਲਲਕਾਰੇ ਜਾਣ 'ਤੇ ਉਕਤ ਵਿਅਕਤੀ ਧੁੰਦ ਦਾ ਫਾਇਦਾ ਉਠਾ ਕੇ ਫਰਾਰ ਹੋ ਗਿਆ, ਜਦੋਂ ਕਿ ਜੁਵਾਨਾਂ ਵੱਲੋਂ ਚੈਕਿੰਗ ਕਰਨ 'ਤੇ ਇਕ ਇੰਡੀਅਨ ਮੋਬਾਈਲ ਲਾਵਾ ਕੰਪਨੀ ਬਰਾਮਦ ਹੋਇਆ, ਜਿਸ ਵਿਚ ਪਾਕਿਸਤਾਨੀ ਸਿਮ ਸੀ। ਕਮਾਂਡੈਂਟ ਜੇ.ਕੇ. ਸਿੰਘ ਨੇ ਦੱਸਿਆ ਕਿ ਫਰਾਰ ਹੋਏ ਵਿਅਕਤੀ ਦੀ ਤਲਾਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਡਿਪਟੀ ਕਮਾਂਡੈਂਟ ਵਿਪਨ ਕੁਮਾਰ, ਇੰਸਪੈਕਟਰ ਟੀ ਚਨਿੱਪਾ ਆਦਿ ਹਾਜਰ ਸਨ।

# ਸਲਮਾਨ ਖਾਨ- ਸ਼ਿਲਪਾ ਸ਼ੈਟੀ ਮੁਆਫੀ ਮੰਗਣ: ਐਨ.ਸੀ.ਐਸ.ਕੇ.



**ਨਵੀਂ ਦਿੱਲੀ**– ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ (ਐਨ. ਸੀ. ਐਸ. ਕੇ.) ਨੇ ਅਭਿਨੇਤਾ ਸਲਮਾਨ ਖਾਨ ਅਤੇ ਅਭਿਨੇਤਰੀ ਸ਼ਿਲਪਾ ਸ਼ੈਟੀ ਤੋਂ ਇਕ ਟੀ. ਵੀ. ਸ਼ੋਅ ਦੌਰਾਨ ਅਨੁਸੂਚਿਤ ਜਾਤੀਆਂ ਦੇ ਖਿਲਾਫ ਕਥਿਤ ਤੌਰ 'ਤੇ ਅਪਮਾਨਜਨਕ ਟਿੱਪਣੀ ਦੇ ਲਈ ਮੁਆਫੀ ਮੰਗਣ ਲਈ ਕਿਹਾ ਹੈ। ਕਮਿਸ਼ਨ ਨੇ ਦੋਵੇਂ ਕਲਾਕਾਰਾਂ ਨੂੰ ਪੱਤਰ ਭੇਜ ਕੇ ਇਕ ਸ਼ਿਕਾਇਤ ਤੇ ਕਾਰਵਾਈ ਕਰਨ ਲਈ ਕਿਹਾ। ਐਨ. ਸੀ. ਐਸ. ਕੇ. ਦੇ ਉਪ ਡਾਇਰੈਕਟਰ ਵਰਿੰਦਰ ਸਿੰਘ ਨੇ ਕਿਹਾ ਕਿ ਕਮਿਸ਼ਨ ਚਾਹੁੰਦਾ ਹੈ ਕਿ ਤੁਸੀਂ ਆਪਣੀ ਟਿਪਣੀਆਂ ਦੇ ਲਈ ਇਹ ਪੱਤਰ ਮਿਲਣ ਦੇ ਇਕ ਪੰਦਰਵਾੜੇ ਦੇ ਅੰਦਰ ਬਿਨਾਂ ਸ਼ਰਤ ਜਨਤਕ ਤੌਰ ਤੇ ਮੁਆਫੀ ਮੰਗੋ ਅਤੇ ਅਜਿਹਾ ਨਾ ਕਰਨ ਤੇ ਕਮਿਸ਼ਨ ਤੁਹਾਡੇ ਖਿਲਾਫ ਸਬੰਧੀ ਕਾਨੂੰਨੀ ਵਿਵਸਥਾ ਦੇ ਤਹਿਤ ਕਾਰਵਾਈ ਦੀ ਬੇਨਤੀ ਕਰੇਗਾ।



# ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ (ਐਨ.ਐਸ.ਸੀ.ਏ) ਵੱਲੋਂ ਪੰਜਾਬ ਲਈ ਸੌ ਕਰੋੜ ਦੀ ਗਰਾਂਟ ਦਾ ਸਵਾਗਤ

## ਪੰਜਾਬ ਅੰਦਰ 40 ਫੀਸਦੀ ਅਨੁਸੂਚਿਤ ਜਾਤਾਂ ਨੂੰ ਕੀਤਾ ਗਿਆ ਅੱਖੋਂ-ਪਰੋਖੇ- ਪਰਮਜੀਤ ਸਿੰਘ ਕੈਂਥ

**ਚੰਡੀਗੜ੍ਹ (ਬਿਊਰੋ)–** ਨੈਸ਼ਨਲ ਸ਼ਡਿਊਲਡ ਕਾਸਟ ਅਲ–ਾਇੰਸ (ਐਨ. ਐਸ. ਸੀ. ਏ.) ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਇੱਥੇ ਕੇਂਦਰ ਸਰਕਾਰ ਵੱਲੋਂ ਪੰਜਾਬ ਅੰਦਰ ਧਾਰਮਿਕ ਸਮਾਰਕਾਂ ਦੀ ਸਾਂਭ–ਸੰਭਾਲ ਲਈ ਜਾਰੀ ਕੀਤੀ ਗਈ ਇਕ ਸੌ ਕਰੋੜ ਰੁਪਏ ਦੀ ਗਰਾਂਟ ਦਾ ਸਵਾਗਤ ਕਰਦਿਆਂ ਨਾਲ ਹੀ ਕਿਹਾ ਹੈ ਕਿ ਚੰਗਾ ਹੁੰਦਾ ਜੇ ਇਸ ਵਿਚੋਂ ਕੁਝ ਰਾਸ਼ੀ ਅਨੁਸੂਚਿਤ ਜਾਤਾਂ ਦੇ ਸਮਰਕਾਂ ਦੇ ਲਈ ਵੀ ਰਾਖਵੀਂ ਰੱਖ ਕੇ ਉਹਨਾਂ ਉਪਰ ਵੀ ਕੁਝ ਪੈਸਾ ਲਾਇਆ ਜਾਂਦਾ।

ਇੱਥੇ ਜਾਰੀ ਇਕ ਬਿਆਨ ਵਿਚ ਕੈਂਥ ਨੇ ਕਿਹਾ ਕਿ ਇਸ ਵਿਚ ਕੇਂਦਰ ਸਰਕਾਰ ਕਿਸੇ ਪ੍ਰਕਾਰ ਵੀ ਜ਼ਿੰਮੇਵਾਰ ਨਹੀਂ ਹੈ ਕਿਉਂਕਿ ਇਸ ਬਾਰੇ ਸਾਰਾ ਹੀ ਪਲਾਨ ਸੂਬਾ ਸਰਕਾਰ ਵੱਲੋਂ ਉਲੀਕ ਕੇ ਭੇਜਿਆ ਗਿਆ ਸੀ। ਉਹਨਾਂ ਕਿਹਾ ਕਿ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਰ ਨੇ ਇਸ ਬਾਰੇ 'ਚ ਨੀਤੀ ਘੜਦਿਆਂ ਹੋਇਆਂ ਸੂਬੇ ਦੀ ਅਨੁਸੂਚਿਤ ਜਾਤਾਂ ਦੀ ਵਸੋਂ ਨੂੰ ਪੂਰੀ ਤਰ੍ਹਾਂ ਨਾਲ ਅੱਖੋਂ ਪਰੋਖੇ ਕਰ ਦਿੱਤਾ ਹੈ ਜਦਕਿ ਅਨੁਸੂਚਿਤ ਜਾਤਾਂ ਦਾ ਕੁੱਲ ਪ੍ਰਤੀਸ਼ਤ 40 ਫੀਸਦੀ ਹਿੱਸਾ ਹੈ ਤੇ ਇੰਝ ਕਰਕੇ ਸੂਬਾ ਸਰਕਾਰ ਨੇ ਗਲਤ ਕਦਮ ਚੁੱਕਿਆ ਹੈ ਤੇ ਇਸ ਦੇ ਨਾਲ ਅਨੁਸੂਚਿਤ ਜਾਤਾਂ ਲਈ ਗਲਤ ਸੰਕੇਤ ਗਏ ਹਨ।

ਉਹਨਾਂ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਸੂਬੇ ਅੰਦਰ ਅਨੁਸੂਚਿਤ ਜਾਤਾ ਨਾਲ ਸਬੰਧਤ ਐਮ. ਐਲ. ਏ. ਤੇ ਐਮ. ਪੀਜ਼ ਮੂਕ ਦਰਸ਼ਕ ਬਣ ਕੇ ਬੈਠੇ ਹਨ ਤੇ ਸਮਾਜ ਲਈ ਬਣਦੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ 'ਚ ਨਾਕਾਮ ਨਜ਼ਰ ਆ ਰਹੇ ਹਨ ਲੇਕਿਨ ਅਲਾਇੰਸ ਇਸ ਉਪਰ ਚੁੱਪ ਵੱਟ ਕੇ ਨਹੀਂ ਬੈਠ ਸਕਦਾ ਤੇ ਮੰਗ ਕਰਦਾ ਹੈ ਕਿ ਅਨੁਸੂਚਿਤ ਜਾਤਾਂ ਨਾਲ ਸਬੰਧਤ ਧਾਰਮਿਕ ਸਮਾਰਕਾਂ ਲਈ ਵੀ ਬਣਦਾ ਹਿੱਸਾ ਤੁਰੰਤ ਜਾਰੀ ਕੀਤਾ ਜਾਵੇ। ਉਹਨਾਂ ਕਿਹਾ ਕਿ ਪਿਛਲੀ ਸਰਕਾਰ ਨੇ 2016 'ਚ ਅਨੁਸੂਚਿਤ ਜਾਤਾਂ ਦੇ ਧਾਰਮਿਕ ਸਮਾਰਕ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਪ੍ਰੰਤੂ ਮੁੜ ਕੇ ਫੰਡਾਂ ਦੀ ਕਮੀ ਕਾਰਨ ਇਸ ਉਪਰ ਅੱਗੇ ਕੰਮ ਨਹੀਂ ਤੋਰਿਆ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਤਾਂ ਪੂਰੀ ਚੁੱਪੀ ਹੀ ਵੱਟ ਲਈ ਹੈ।

ਕੈਂਥ ਨੇ ਐਲਾਨ ਕੀਤਾ ਕਿ ਅਲਾਇੰਸ ਸ੍ਰੀ ਖੁਰ–ਾਲਗੜ੍ਹ, ਜਿਸ ਨੂੰ ਮਹਾਰਾਜ ਗੁਰੂ ਰਵਿਦਾਸ ਦੀ ਛੋਹ ਪ੍ਰਾਪਤ ਹੈ, ਦੇ ਸਮਾਰਕ ਉਪਰ ਮੁੜ ਕੰਮ ਸ਼ੁਰੂ ਕਰਵਾਉਣ ਲਈ ਸੰਘਰਸ਼ ਕਰੇਗਾ ਤੇ ਕੰਮ ਸ਼ੁਰੂ ਕਰਵਾਏਗਾ।

# ਬਡਾਲਾ ਮਨਸੂਰਪੁਰ ਵਿਖੇ ਫੁਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

**ਅਲਾਵਲਪੁਰ (ਬਿਊਰੋ)–** ਪਿੰਡ ਬਡਾਲਾ ਮਨਸੂਰਪੁਰ ਵਿਖੇ ਸਾਲਾਨਾ ਫੁਟਬਾਲ ਟੂਰਨਾਮੈਂਟ ਦਾ ਸਮਾਪਤੀ ਸਮਾਰੋਹ ਯਾਦਗਾਰੀ ਹੋ ਨਿੱਬੜਿਆ।ਗ੍ਰਾਮ ਪੰਚਾਇਤ ਬਡਾਲਾ ਮਨਸੂਰਪਰ, ਸਮੂਹ ਨਗਰ ਵਾਸੀਆਂ, ਐਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਆਯੋਜਿਤ ਇਸ ਟੂਰਨਾਮੈਂਟ ਵਿਚ ਇਲਾਕੇ ਦੀਆਂ ਸਿਰਕੱਢ ਟੀਮਾਂ ਨੇ ਭਾਗ ਲਿਆ।



ਜਾਣਕਾਰੀ ਦਿੰਦੇ ਹੋਏ ਮੁੱਖ ਪ੍ਰਬੰਧਕ ਲੈਕਚਰਾਰ ਬਲਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਟੂਰਨਾਮੈਂਟ ਵਿਚ ਓਪਨ ਪੱਧਰ ਦੀਆਂ 35 ਟੀਮਾਂ ਅਤੇ ਭਾਰ ਵਿਚ 18 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲਿਆਂ ਵਿਚ ਮੇਜ਼ਬਾਨ ਟੀਮ ਬਡਾਲੇ ਨੂੰ ਹਰਾ ਕੇ ਦੌਲੀਕੇ ਸੁੰਦਰਪੁਰ ਦੀ ਟੀਮ ਜੇਤੂ ਰਹੀ ਅਤੇ ਵਜ਼ਨ ਵਿਚ ਬਿਆਸ ਪਿੰਡ ਜੇਤੂ ਰਿਹਾ। ਇਸ ਤੋਂ ਇਲਾਵਾ ਸਾਰੇ ਟੂਰਨਾਮੈਂਟ ਵਿਚ ਚਾਰ ਖਿਡਾਰੀਆਂ ਨੂੰ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਕਰਕੇ ਵਿਸ਼ੇਸ਼ ਸਨਮਾਨ ਵੀ ਦਿੱਤੇ ਗਏ। ਇਨਾਮ ਵੰਡ ਸਮਾਰੋਹ ਵਿਚ ਇਨਾਮਾਂ ਦੀ ਵੰਡ ਸੀਨੀਅਰ ਕਾਂਗਰਸੀਆਗੂ ਰਣਜੀਤ ਸਿੰਘ ਰਾਣਾ, ਬਲਵੀਰ ਸਿੰਘ ਅਟਵਾਲ ਸੀਨੀਅਰ ਕਾਂਗਰਸੀ ਆਗੂ, ਸਮੂਹ ਗ੍ਰਾਮ ਪੰਚਾਇਤ ਬੰਡਾਲਾ ਮਨਸੂਰਪੁਰ ਮੈਂਬਰਾਂ ਵੱਲੋਂ ਕੀਤੀ ਗਈ। ਇਸ ਮੌਕੇ ਮੁੱਖ ਪ੍ਰਬੰਧਕ ਬਲਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਉਹਨਾਂ ਵਿਚ ਨਵੀਂ ਚੇਤਨਾ ਜਗਾਉਣ ਲਈ ਟੂਰਨਾਮੈਂਟ ਆਯੋਜਿਤ ਕੀਤਾ ਜਾਂਦਾ ਹੈ। ਇਸ ਮੌਕੇ ਕੁਲਵੀਰ ਸਿੰਘ ਢਿੱਲੋਂ ਸਰਪੰਚ, ਚਰਨਜੀਤ ਸਿੰਘ, ਰਾਮ ਲੁਭਾਇਆ, ਸਾਬਕਾ ਸਰਪੰਚ ਆਤਮਾ ਸਿੰਘ, ਲੈਕਚਰਾਰ ਬ੍ਰਿਜ ਲਾਲ, ਗੁਰਨਾਮ ਸਿੰਘ ਮਿਨਹਾਸ, ਥਾਣੇਦਾਰ ਸੁਰਿੰਦਰਪਾਲ ਸਿੰਘ, ਸੁਰਜੀਤ ਸਿੰਘ,ਰਜਿੰਦਰ ਸਿੰਘ, ਜਸਰਾਜ ਸੰਧੂ ਕੈਨੇਡਾ, ਅੱਛਰ ਦੌਲੀਕੇ, ਨਰਿੰਦਰ ਪਾਲ, ਮੰਨਾ ਢਿੱਲੋਂ, ਰਣਵੀਰ ਸਿੰਘ, ਸੋਨਾ ਢਿੱਲੋਂ, ਰਣਵੀਰ ਦੌਲੀਕੇ ਆਦਿ ਦਾ ਟੂਰਨਾਮੈਂਟ ਵਿਚ ਵਿਸ਼ੇਸ਼ ਯੋਗਦਾਨ ਰਿਹਾ।

# ਵਿਗਿਆਨ ਦੇ ਸੰਚਾਰ ਲਈ ਮਾਂ-ਬੋਲੀ ਦੀ ਵਰਤੋਂ ਜ਼ਰੂਰੀ: ਮੋਦੀ

**ਕੋਲਕਾਤਾ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਜਵਾਨਾਂ 'ਚ ਵਿਗਿਆਨ ਪ੍ਰਤੀ ਦਿਲਚਸਪੀ ਪੈਦਾ ਕਰਨ ਤੇ ਵਿਗਿਆਨ ਦੇ ਸੰਚਾਰ ਲਈ ਮਾਂ–ਬੋਲੀ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਸ਼ਾ ਸਹੂਲਤ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਅੜਿੱਕਾ ਪੈਦਾ ਕਰਨ ਵਾਲੀ। ਉਨ੍ਹਾਂ ਨਾਲ ਹੀ ਵਿਗਿਆਨੀਆਂ ਤੇ ਖੋਜੀਆਂ ਨੂੰ ਨਵੇਂ ਭਾਰਤ ਲਈ ਕਾਢਾਂ ਕੱਢਣ ਤੇ ਖੋਜ ਕਰਨ ਦਾ ਸੁਨੇਹਾ ਵੀ ਦਿੱਤਾ।

ਪ੍ਰੋ. ਸੱਤੇਂਦਰ ਨਾਥ ਬੋਸ ਦੀ 125ਵੀਂ ਵਰ੍ਹੇਵੰਢ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਦੇ ਵਿਗਿਆਨੀ ਤੇ ਖੋਜਾਰਥੀਆਂ ਨੂੰ ਆਪਣੇ ਗਿਆਨ ਤੇ ਖੋਜਾਂ ਦੀ ਵਰਤੋਂ ਲੋਕਾਂ ਦੇ ਭਲੇ ਤੇ ਉਨ੍ਹਾਂ ਦੀਆਂ ਸਮਾਜਿਕ ਤੇ ਵਿੱਤੀ ਲੋੜਾਂ ਦੀ ਪੂਰਤੀ ਲਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਇਹ ਲਾਜ਼ਮੀ ਹੈ ਕਿ ਕਾਢਾਂ ਤੇ ਖੋਜਾਂ ਦਾ ਆਖਰੀ ਨਤੀਜਾ ਗ਼ਰੀਬ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਸਾਰਥਕ ਪ੍ਰਭਾਵ ਪਾਵੇ।

ਸ੍ਰੀ ਮੋਦੀ ਨੇ ਕਿਹਾ, 'ਆਪਣੀ ਸੋਚ ਦੇ ਘੇਰੇ 'ਚੋਂ ਬਾਹਰ ਜਾ ਕੇ ਸਾਡੇ ਵਿਗਿਆਨੀਆਂ ਨੂੰ ਰਚਨਾਤਮਕ ਤਕਨੀਕ ਨੂੰ ਨਵੀਂ ਦਿਸ਼ਾ ਦੇਣੀ ਪਵੇਗੀ। ਸਾਡੀਆਂ ਖੋਜਾਂ ਤੇ ਕਾਢਾਂ ਦਾ ਆਖਰੀ ਨਤੀਜਾ ਆਮ ਲੋਕਾਂ ਦੀ ਮਦਦ ਕਰਨ ਵਾਲਾ ਹੋਣਾ ਚਾਹੀਦਾ ਹੈ।' ਉਨ੍ਹਾਂ ਦੱਸਿਆ ਕਿ ਕੇਂਦਰ ਨੇ ਸੂਰਜੀ ਊਰਜਾ, ਹਰਿਤ ਊਰਜਾ, ਜਲ ਸੰਭਾਲ ਤੇ ਕੂੜੇ ਦੇ ਨਿਬੇੜੇ ਵਰਗੀਆਂ ਵੱਖਰੀਆਂ ਵਿਗਿਆਨਕ ਸੰਸਥਾਵਾਂ ਦੀ ਸ਼ਮੂਲੀਅਤ ਨਾਲ ਖੋਜ ਤੇ ਵਿਕਾਸ (ਆਰ ਐਂਡ ਡੀ) ਪ੍ਰਾਜੈਕਟ ਸ਼ੁਰੂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਵਿਗਿਆਨ ਤੇ ਤਕਨੀਕ ਵਿਭਾਗ ਵੱਲੋਂ ਕਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਤੇ ਉਨ੍ਹਾਂ ਦੀ ਪਹਿਲਕਦਮੀ ਵਿਗਿਆਨਕ ਢਾਂਚਾ ਖੜ੍ਹਾ ਕਰਨਾ ਹੈ। ਉਨ੍ਹਾਂ ਹਰ ਵਿਗਿਆਨੀ ਨੂੰ ਘੱਟੋ–ਘੱਟ ਇੱਕ ਬੱਚੇ ਦਾ ਮਾਰਗ ਦਰਸ਼ਕ ਬਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਅਜਿਹਾ ਕਰਨ ਨਾਲ ਲੱਖਾਂ ਵਿਦਿਆਰਥੀਆਂ ਦਾ ਰੁਝਾਨ ਵਿਗਿਆਨ ਵੱਲ ਹੋ ਜਾਵੇਗਾ।

# ਭੀਮਾ ਕੋਰੇਗਾਓਂ ਹਿੰਸਾ ਸਾਰੇ ਮਹਾਰਾਸ਼ਟਰ ਵਿਚ ਫੈਲੀ

**(ਸਫਾ 1 ਦੀ ਬਾਕੀ)**

'ਚ ਮਾਰੇ ਗਏ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ 10 ਲੱਖ ਰੁਪਏ ਮੁਆਵਜ਼ੇ ਦਾ ਐਲਾਨ ਕੀਤਾ ਹੈ । ਦੂਜੇ ਪਾਸੇ ਪੁਲਿਸ ਨੇ ਵੀ ਲੋਕਾਂ ਨੂੰ ਅਫਵਾਹਾਂ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ ਹੈ । ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਵੀ ਮਰਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਸੀ । ਅਸਲ 'ਚ ਭੀਮਾ–ਕੋਰੇਗਾਂਵ ਦੀ ਲੜਾਈ ਦੀ 200ਵੀਂ ਵਰ੍ਹੇਗੰਢ ਮੌਕੇ ਇਕ ਪ੍ਰੋਗਰਾਮ ਦੌਰਾਨ ਭੜਕੀ ਹਿੰਸਾ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਸੀ । ਜ਼ਿਕਰਯੋਗ ਹੈ ਕਿ ਇਸ ਲੜਾਈ 'ਚ ਈਸਟ ਇੰਡੀਆ ਕੰਪਨੀ ਦੀ ਸੈਨਾ ਨੇ ਪੇਸ਼ਵਾ ਦੀ ਸੈਨਾ ਨੂੰ ਹਰਾਇਆ ਸੀ । ਦਲਿਤ ਨੇਤਾ ਇਸ ਬ੍ਰਿਟਿਸ਼ ਜਿੱਤ ਦਾ ਜਸ਼ਨ ਮਨਾਉਂਦੇ ਹਨ । ਸਮਝਿਆ ਜਾਂਦਾ ਹੈ ਕਿ ਉਸ ਵੇਲੇ ਅਛੂਤ ਸਮਝੇ ਜਾਣ ਵਾਲੇ ਮਹਾਰ ਭਾਈਚਾਰੇ ਦੇ ਸੈਨਿਕ ਈਸਟ ਇੰਡੀਆ ਕੰਪਨੀ ਵਲੋਂ ਲੜੇ ਸਨ ਹਾਲਾਂਕਿ ਪੁਣੇ ਦੇ ਕੁਝ ਦੱਖਣਪੰਥੀ ਸਮੂਹਾਂ ਨੇ ਇਸ ਬ੍ਰਿਟਿਸ਼ ਜਿੱਤ ਦਾ ਜਸ਼ਨ ਮਨਾਏ ਜਾਣ ਦਾ ਵਿਰੋਧ ਕੀਤਾ ਸੀ । ਪੁਲਿਸ ਨੇ ਦੱਸਿਆ ਕਿ ਜਦ ਪਿੰਡ ਦੇ ਲੋਕ ਯੁੱਧ ਸਮਾਰਕ ਵੱਲ ਵਧ ਰਹੇ ਸਨ ਤਾਂ ਮੰਗਲਵਾਲ ਦੁਪਹਿਰ ਸ਼ਿਰੂਰ ਤਹਿਸੀਲ ਸਥਿਤ ਭੀਮਾ–ਕੋਰੇਗਾਂਵ 'ਚ ਪਥਰਾਅ ਤੇ ਭੰਨਤੋੜ ਦੀਆਂ ਘਟਨਾਵਾਂ ਵਾਪਰੀਆਂ ਜਿਸ 'ਚ ਇਕ ਵਿਅਕਤੀ ਦੀ ਮੌਤ ਹੋ ਗਈ ।

### ਹਿੰਸਾ ਦਾ ਸੇਕ ਮਹਾਂਰਾਸ਼ਟਰ ਦੇ ਹੋਰ ਇਲਾਕਿਆਂ 'ਚ ਵੀ ਪੁੱਜਾ

ਪੁਣੇ 'ਚ ਹੋਈ ਜਾਤੀ ਹਿੰਸਾ ਦਾ ਸੇਕ ਮਹਾਂਰਾਸ਼ਟਰ ਦੇ ਹੋਰ ਇਲਾਕਿਆਂ 'ਚ ਪੁੱਜ ਗਿਆ ਹੈ । ਮੰਗਲਵਾਰ ਨੂੰ ਮੁੰਬਈ ਦੇ ਇਲਾਵਾ ਹੜਪਸਰ ਤੇ ਫੁਰ–ਸੁੰਗੀ 'ਚ ਸਰਕਾਰੀ ਤੇ ਪ੍ਰਾਈਵੇਟ ਬੱਸਾਂ 'ਤੇ ਪਥਰਾਅ ਕੀਤਾ ਗਿਆ । ਇਸ ਨਾਲ ਮਹਾਂਰਾਸ਼ਟਰ 'ਚ 134 ਬੱਸਾਂ ਨੂੰ ਨੁਕਸਾਨ ਪੁਹੰਚਿਆ ਹੈ । ਇਸ ਕਾਰਨ ਔਰੰਗਾਬਾਦ ਤੇ ਅਹਿਮਦਾਬਾਦ ਲਈ ਬੱਸ ਸੇਵਾ ਰੱਦ ਕਰ ਦਿੱਤੀ ਗਈ । ਹਿੰਸਾ ਕਾਰਨ ਮੁੰਬਈ ਸਕੂਲ ਬਸ ਐਸੋਸੀਏਸ਼ਨ ਨੇ ਵੀ ਕੱਲ੍ਹ ਬੱਸਾਂ ਨਾਲ ਚਲਾਉਣ ਦਾ ਫੈਸਲਾ ਕੀਤਾ ਹੈ।

### ਜਿਗਨੇਸ਼–ਉਮਰ ਖ਼ਿਲਾਫ਼ ਸ਼ਿਕਾਇਤ ਦਰਜ

ਮਹਾਰਾਸ਼ਟਰ 'ਚ ਦਲਿਤ ਤੇ ਮਰਾਠਾ ਭਾਈਚਾਰੇ ਵਿਚਾਲੇ 200 ਸਾਲ ਪੁਰਾਣੇ ਯੁੱਧ ਨੂੰ ਲੈ ਕੇ ਭੜਕੀ ਫ਼ਿਰਕੂ ਹਿੰਸਾ 'ਚ ਗੁਜਰਾਤ ਦੇ ਵਿਧਾਇਕ ਤੇ ਦਲਿਤ ਆਗੂ ਜਿਗਨੇਸ਼ ਮੇਵਾਣੀ ਤੇ ਜੇ. ਐਨ. ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦਖ਼ਿਲਾਫ਼ ਸ਼ਿਕਾਇਤ ਦਰਜ ਹੋ ਗਈ ਹੈ । ਦੋਹਾਂ ਖ਼ਿਲਾਫ਼ ਭੜਕਾਊ ਭਾਸ਼ਣ ਦੇਣ ਦੇ ਦੋਸ਼ 'ਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਜਿਸ ਤੋਂ ਬਾਅਦ ਹਿੰਸਾ ਸ਼ੁਰੂ ਹੋਈ । ਸ਼ਿਕਾਇਤਕਰਤਾਵਾਂ ਅਕਸ਼ੇ ਬਿਕੜ ਅਤੇ ਅਨੰਦ ਧੋਡ ਅਨੁਸਾਰ ਮੇਵਾਨੀ ਅਤੇ ਖਾਲਿਦ ਨੇ ਸਮਾਰੋਹ ਦੌਰਾਨ ਭੜਕਾਊ ਭਾਸ਼ਣ ਦਿੱਤਾ । ਉਧਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪੁਣੇ ਹਿੰਸਾ ਦੀ ਜਾਂਚ ਲਈ ਬੰਬੇ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜੁਡੀਸ਼ਲ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਹਿੰਸਾ ਦੌਰਾਨ ਮਾਰੇ ਗਏ ਵਿਅਕਤੀ ਲਈ ਦਸ ਲੱਖ ਦੇ ਮੁਆਵਜ਼ੇ ਦਾ ਵੀ ਐਲਾਨਕਰਦਿਆਂ ਮੌਤ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲੀਸ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ 160 ਤੋਂ ਵੱਧ ਬੱਸਾਂ ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ 'ਚੋਂ 100 ਪ੍ਰਦਰਸ਼ਨਕਾਰੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਹਾਰਬਰ ਲਾਈਨ 'ਤੇ ਨੀਮ ਸ਼ਹਿਰੀ ਤੇ ਸਥਾਨਕ ਰੇਲ ਗੱਡੀਆਂ ਦੀਆਂ ਸੇਵਾਵਾਂ 'ਚ ਵਿਘਨ ਪਾਇਆ। ਪ੍ਰਦਰਸ਼ਨਕਾਰੀਆਂ ਨੇ ਮੁੰਬਈ ਦੇ ਕਈ ਇਲਾਕਿਆਂ ਦੀਆਂ ਸੜਕਾਂ ਜਾਮ ਕਰ ਦਿੱਤੀਆਂ, ਦੁਕਾਨਾਂ ਬੰਦ ਕਰਾ ਦਿੱਤੀਆਂ ਤੇ ਇਕ ਟੈਲੀਵਿਜ਼ਨ ਨਿਊਜ਼ ਚੈਨਲ ਦੇ ਪੱਤਰਕਾਰ 'ਤੇ ਹਮਲਾ ਕੀਤਾ। ਪ੍ਰਦਰਸ਼ਨਕਾਰੀ ਟੋਲੇ ਸੜਕਾਂ 'ਤੇ ਉੱਤਰ ਆਏ ਤੇ ਉਨ੍ਹਾਂ ਸ਼ਹਿਰ ਦੇ ਪੂਰਬੀ ਨੀਮ ਸ਼ਹਿਰੀ ਇਲਾਕਿਆਂ ਚੇਂਬੂਰ, ਵਿਖਰੋਲੀ, ਮਾਨਖੁਰਦ ਤੇ ਗੋਵੰਡੀ ਵਿੱਚ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਨੇ ਦੁਕਾਨਾਂ ਤੇ ਦਫ਼ਤਰਾਂ ਨੂੰ ਜਬਰੀ ਬੰਦ ਕਰਵਾਇਆ। ਰਾਜ ਦੇ ਪੱਛਮੀ ਹਿੱਸੇ ਵਿੱਚ ਵੀ ਕਰਫਿਊ ਵਰਗੇ ਹਾਲਾਤ ਬਣੇ ਰਹੇ। ਕਾਬਿਲੇਗੌਰ ਹੈ ਕਿ ਦਲਿਤ ਆਗੂਆਂ ਵੱਲੋਂ ਬੀਤੇ ਦਿਨ ਭੀਮਾ ਕੋਰੇਗਾਓਂ ਜੰਗ, ਜਿਸ ਵਿੱਚ ਈਸਟ ਇੰਡੀਆ ਕੰਪਨੀ ਨੇ ਪੇਸ਼ਵਾ ਫ਼ੌਜ ਨੂੰ ਸ਼ਿਕਸਤ ਦਿੱਤੀ ਸੀ।

### ਮਹਾਰਾਸ਼ਟਰ ਬੰਦ ਦਾ ਸੱਦਾ

ਭਾਰੀਪਾ ਬਹੁਜਨ ਮਹਾਂਸੰਘ ਆਗੂ ਪ੍ਰਕਾਸ਼ ਅੰਬੇਦਕਰ ਨੇ ਭਲਕੇ ਮਹਾਰਾਸ਼ਟਰ ਬੰਦ ਦਾ ਸੱਦਾ ਦਿੱਤਾ ਹੈ। ਅੰਬੇਦਕਰ ਨੇ ਕਿਹਾ ਕਿ ਬੰਦ ਦੇ ਇਸ ਸੱਦੇ ਨਾਲ ਬੀਤੇ ਦਿਨ ਪੁਣੇ ਦੇ ਭੀਮਾ ਕੋਰੇਗਾਓਂ ਪਿੰਡ ਵਿੱਚ ਹੋਈ ਹਿੰਸਾ ਨੂੰ ਰੋਕਣ ਵਿੱਚ ਨਾਕਾਮ ਰਹੀ ਸਰਕਾਰ ਖ਼ਿਲਾਫ਼ ਰੋਸ ਜਤਾਇਆ ਜਾਵੇਗਾ।

### ਦਲਿਤਾਂ ਨੂੰ ਦੱਬੀ ਰੱਖਣਾ ਚਾਹੁੰਦੀ ਹੈ ਭਾਜਪਾ: ਰਾਹੁਲ

ਨਵੀਂ ਦਿੱਲੀ– ਪੁਣੇ ਹਿੰਸਾ ਤੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਭਾਜਪਾ ਅਤੇ ਆਰਐਸਐਸ ਉਤੇ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ ਦਾ ਭਾਰਤ ਲਈ 'ਫਾਸ਼ੀਵਾਦੀ ਦ੍ਰਿਸ਼ਟੀਕੋਣ' ਹੈ ਕਿ ਦਲਿਤਾਂ ਨੂੰ ਹਮੇਸ਼ਾ ਸਮਾਜ ਵਿੱਚ ਸਭ ਤੋਂ ਹੇਠਾਂ ਹੀ ਰਹਿਣਾ ਚਾਹੀਦਾ ਹੈ।

ਮੱਧ ਪ੍ਰਦੇਸ਼ ਦੇ ਊਨਾ ਤੇ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿੱਚ ਦਲਿਤਾਂ ਖ਼ਿਲਾਫ਼ ਹਿੰਸਾ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੱਲ੍ਹ ਪੁਣੇ ਦੇ ਪਿੰਡ ਵਿੱਚ ਹੋਈ ਹਿੰਸਾ ਆਰਐਸਐਸ–ਭਾਜਪਾ ਦੇ 'ਫਾਸ਼ੀਵਾਦੀ ਦ੍ਰਿਸ਼ਟੀਕੋਣ' ਖ਼ਿਲਾਫ਼ ਉਠ ਰਹੇ ਰੋਹ ਦਾ 'ਸੰਕੇਤ' ਹੈ।

ਰਾਹੁਲ ਨੇ ਟਵੀਟ ਕੀਤਾ, 'ਆਰ ਐਸ ਐਸ–ਭਾਜਪਾ ਦੇ ਭਾਰਤ ਲਈ ਫਾਸ਼ੀਵਾਦੀ ਦ੍ਰਿਸ਼ਟੀਕੋਣ ਦਾ ਕੇਂਦਰੀ ਥੰਮ ਹੈ ਕਿ ਦਲਿਤ ਹਮੇਸ਼ਾ ਸਮਾਜ ਵਿੱਚ ਸਭ ਤੋਂ ਹੇਠਾਂ ਰਹਿਣੇ ਚਾਹੀਦੇ ਹਨ। ਊਨਾ, ਰੋਹਿਤ ਵੇਮੂਲਾ ਅਤੇ ਹੁਣ ਭੀਮਾ– ਕੋਰੇਗਾਓਂ ਉਸ ਦੇ ਵਿਰੋਧ ਦੇ ਸੰਕੇਤ ਹਨ।' ਦਲਿਤ ਆਗੂਆਂ ਵੱਲੋਂ ਭੀਮਾ–ਕੋਰੇਗਾਓਂ ਵਿੱਚ 200 ਸਾਲ ਪਹਿਲਾਂ ਪੇਸ਼ਵਾ ਦੀ ਫੌਜ ਉਤੇ ਬਰਤਾਨੀਆ ਦੀ ਜਿੱਤ ਦੀ ਯਾਦ ਵਿੱਚ ਸਮਾਗਮ ਕਰਾਇਆ ਗਿਆ ਸੀ ਕਿਉਂਕਿ ਮੰਨਿਆ ਜਾਂਦਾ ਹੈ ਕਿ ਮਹਾਰ ਭਾਈਚਾਰੇ ਦੇ ਸੈਨਿਕ, ਜਿਨ੍ਹਾਂ ਨੂੰ ਉਦੋਂ ਅਛੂਤ ਮੰਨਿਆ ਜਾਂਦਾ ਸੀ, ਈਸਟ ਇੰਡੀਆ ਕੰਪਨੀ ਦਾ ਹਿੱਸਾ ਸਨ। ਪੁਣੇ ਦੀਆਂ ਕੁੱਝ ਸੱਜੇਪੱਖੀ ਜਥੇਬੰਦੀਆਂ ਨੇ ਬਰਤਾਨੀਆ ਦੀ ਜਿੱਤ ਦੇ ਜਸ਼ਨਾਂ ਦਾ ਵਿਰੋਧ ਕੀਤਾ ਸੀ, ਜਿਸ ਬਾਅਦ ਕੱਲ੍ਹ ਹਿੰਸਾ ਹੋਈ। ਇਸ ਹਿੰਸਾ ਖ਼ਿਲਾਫ਼ ਮਹਾਰਾਸ਼ਟਰ ਵਿੱਚ ਅੱਜ ਕਈ ਥਾਈਂ ਰੋਸ ਪ੍ਰਦਰਸ਼ਨ ਹੋਏ।

# ਟਰੰਪ ਦੇ ਬਿਆਨ ਤੋਂ ਬਾਅਦ ਪਾਕਿਸਤਾਨ ਡਰਿਆ

**(ਸਫਾ 1 ਦੀ ਬਾਕੀ)**

'ਤੇ ਹੁਣ ਤਕ ਦਾ ਸਭ ਤੋਂ ਵੱਡਾ ਹਮਲਾ ਸਮਝਿਆ ਜਾ ਰਿਹਾ ਹੈ। ਉਨ੍ਹਾਂ ਨੇ ਟਵੀਟ ਵਿੱਚ ਪਾਕਿਸਤਾਨ ਨੂੰ ਦਿੱਤੀ ਜਾਂਦੀ ਵਿੱਤੀ ਮਦਦ 'ਤੇ ਵੀ ਰੋਕ ਲਾਏ ਜਾਣ ਦਾ ਸੁਝਾਅ ਦਿੱਤਾ ਹੈ। ਵਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 255 ਮਿਲੀਅਨ ਡਾਲਰਾਂ ਦੀ ਫੌਜੀ ਮਦਦ ਮੁਅੱਤਲ ਕਰ ਦਿੱਤੀ ਹੈ।

ਇਸੇ ਦੌਰਾਨ ਰੇਡੀਓ ਪਾਕਿਸਤਾਨ ਨੇ ਖ਼ਬਰ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਅੱਬਾਸੀ ਨੇ ਕੈਬਨਿਟ ਮੀਟਿੰਗ ਸੱਦ ਲਈ ਹੈ ਜੋ ਭਲਕੇ ਹੋਵੇਗੀ ਤੇ ਇਸ ਵਿੱਚ ਕੌਮੀ ਸੁਰੱਖਿਆ ਦੇ ਮੁੱਦੇ ਤੋਂ ਇਲਾਵਾ ਹੋਰ ਮੁੱਦੇ ਵਿਚਾਰੇ ਜਾਣਗੇ। ਸੂਤਰਾਂ ਅਨੁਸਾਰ ਟਰੰਪ ਦੀ ਟਿੱਪਣੀ ਮੀਟਿੰਗ ਵਿੱਚ ਮੁੱਖ ਮੁੱਦਾ ਰਹੇਗੀ। ਇਸ ਮੀਟਿੰਗ ਵਿੱਚ ਵਿਦੇਸ਼ ਮੰਤਰੀ ਖਵਾਜਾ ਆਸਿਫ਼, ਗ੍ਰਹਿ ਮੰਤਰੀ ਅਹਿਸਾਨ ਇਕਬਾਲ, ਰੱਖਿਆ ਮੰਤਰੀ ਖੁਰੱਮ ਦਸਤਗ਼ੀਰ ਖਾਨ, ਵੱਖ ਵੱਖ ਸੇਵਾਵਾਂ ਦੇ ਮੁਖੀ ਅਤੇ ਸੀਨੀਅਰ ਸਿਵਲ ਅਤੇ ਫੌਜੀ ਅਧਿਕਾਰੀ ਹਿੱਸਾ ਲੈਣਗੇ।

### ਪਾਕਿ ਦੇ ਬਚਾਅ ਵਿੱਚ ਆਇਆ ਚੀਨ

ਚੀਨ ਨੇ ਪਾਕਿਸਤਾਨ ਦਾ ਬਚਾਅ ਕਰਦਿਆਂ ਉਸ ਵੱਲੋਂ ਅਤਿਵਾਦ ਦੇ ਖਾਤਮੇ ਲਈ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸੁਹਾਂਗ ਨੇ ਟਰੰਪ ਵੱਲੋਂ ਪਾਕਿਸਤਾਨ ਦੀ ਆਲੋਚਨਾ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਪਾਕਿਸਤਾਨ ਨੇ ਅਤਿਵਾਦ ਖ਼ਿਲਾਫ਼ ਲੜਾਈ ਲਈ ਸੰਜੀਦਾ ਕੋਸ਼ਿਸ਼ ਅਤੇ ਬਲਿਦਾਨ ਦੇ ਨਾਲ ਨਾਲ ਬਿਹਤਰੀਨ ਸਹਿਯੋਗ ਦਿੱਤਾ ਹੈ। ਕੌਮਾਂਤਰੀ ਭਾਈਚਾਰੇ ਨੂੰ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

# ਹੁਣ ਨਹੀ ਚੱਲੇਗੀ ਅਧਿਆਪਕਾਂ ਦੀ ਲੇਟ-ਲਤੀਫ਼ੀ ਤੇ ਫਰਲੋ

**ਚੰਡੀਗੜ੍ਹ–** ਪੰਜਾਬ ਸਰਕਾਰ ਨੇ ਲੇਟ ਲਤੀਫ਼ ਅਧਿਆਪਕਾਂ 'ਤੇ ਸ਼ਿਕੰਜਾ ਕੱਸਣ ਲਈ ਪਹਿਲੀ ਅਪਰੈਲ ਤੋਂ ਸੂਬੇ ਦੇ ਸਮੂਹ ਸਕੂਲਾਂ ਵਿੱਚ ਬਾਇਓਮੀਟਰਿਕ ਹਾਜ਼ਰੀ ਲਵਾਉਣ ਦਾ ਪ੍ਰਬੰਧ ਕਰ ਲਿਆ ਹੈ, ਜਿਸ ਤਹਿਤ ਅਧਿਆਪਕਾਂ ਦੀ ਸਵੇਰੇ ਸਕੂਲ ਲੱਗਣ ਵੇਲੇ ਤੇ ਸ਼ਾਮ ਨੂੰ ਛੁੱਟੀ ਹੋਣ ਵੇਲੇ ਹਾਜ਼ਰੀ ਰਜਿਸਟਰ ਦੀ ਥਾਂ ਬਾਇਓਮੀਟਰਿਕ ਮਸ਼ੀਨ ਰਾਹੀਂ ਲਗਵਾਈ ਜਾਵੇਗੀ। ਹਜ਼ਾਰੀ ਰਿਪੋਰਟ ਰੋਜ਼ਾਨਾ ਮੁੱਖ ਦਫ਼ਤਰ ਪੁੱਜੇਗੀ, ਜਿਸ ਕਾਰਨ ਹੁਣ ਅਧਿਆਪਕਾਂ ਦੀ ਫਰਲੋ ਜਾਂ ਲੇਟ ਆਉਣ ਦੇ ਜੁਗਾੜ ਨਹੀਂ ਚੱਲਣਗੇ। ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਪਹਿਲੀ ਅਪਰੈਲ ਤੋਂ ਸੂਬੇ ਵਿੱਚ 1953 ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਤਹਿਤ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਨ ਦੇ ਚਾਹਵਾਨ ਬੱਚਿਆਂ ਨੂੰ ਹੁਣ ਸਰਕਾਰੀ ਸਕੂਲਾਂ ਨੂੰ ਛੱਡ ਕੇ ਪ੍ਰਾਈਵੇਟ ਸਕੂਲਾਂ ਵਿੱਚ ਦਾਖਲੇ ਲੈਣ ਲਈ ਮਜਬੂਰ ਨਹੀਂ ਹੋਣਾ ਪਵੇਗਾ। ਸਿੱਖਿਆ ਮੰਤਰੀ ਨੇ ਕਿਹਾ ਕਿ ਨਕਲ ਨੂੰ ਜੜ੍ਹੋਂ ਖਤਮ ਕਰਨ ਲਈ ਇਕ ਸਕੂਲ ਦੇ ਵਿਦਿਆਰਥੀਆਂ ਦੇ ਦੂਜੇ ਸਕੂਲ ਵਿੱਚ ਪ੍ਰੀਖਿਆ ਕੇਂਦਰ ਸਥਾਪਤ ਕਰਨ ਅਤੇ ਸੰਵੇਦਨਸ਼ੀਲ ਕੇਂਦਰਾਂ ਦੀ ਵੀਡੀਓਗ੍ਰਾਫ਼ੀ ਕਰਵਾਉਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੋਰਡ ਦੇ ਸਾਰੇ ਨਤੀਜੇ 15 ਦਿਨਾਂ ਵਿੱਚ ਐਲਾਨੇ ਜਾਣਗੇ ਤੇ ਉਤਰ ਕਾਪੀਆਂ ਦਾ ਮੁਲਾਂਕਣ ਯੂਨੀਵਰਸਿਟੀਆਂ ਵਾਂਗ ਕੀਤਾ ਜਾਵੇਗਾ। ਇਸ ਮੌਕੇ ਸਕੱਤਰ ਸਿੱਖਿਆ ਕ੍ਰਿਸ਼ਨ ਕੁਮਾਰ ਨੇ ਸੱਪਸ਼ਟ ਕੀਤਾ ਕਿ ਇਨ੍ਹਾਂ 1953 ਸਕੂਲਾਂ ਵਿੱਚ ਅੰਗਰੇਜ਼ੀ ਮਾਧਿਅਮ ਰੱਖਣਾ ਲਾਜ਼ਮੀ ਨਹੀਂ ਹੋਵੇਗਾ, ਸਗੋਂ ਅੰਗਰੇਜ਼ੀ ਮਾਧਿਅਮ ਰੱਖਣ ਦੀ ਆਪਸ਼ਨ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅੰਗਰੇਜ਼ੀ ਮਾਧਿਅਮ ਉਨ੍ਹਾਂ ਸਕੂਲਾਂ ਵਿੱਚ ਹੀ ਸ਼ੁਰੂ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਦੋ–ਦੋ ਸੈਕਸ਼ਨ ਹੋਣਗੇ ਤਾਂ ਜੋ ਪੰਜਾਬੀ ਤੇ ਅੰਗਰੇਜ਼ੀ ਮਾਧਿਅਮ ਦੀਆਂ ਜਮਾਤਾਂ ਬਰਾਬਰ ਚੱਲ ਸਕਣ। ਇਨ੍ਹਾਂ ਸਕੂਲਾਂ ਲਈ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹੇ ਅਧਿਆਪਕਾਂ ਦੀ ਭਾਲ ਕਰਕੇ ਨਿਯੁਕਤ ਕਰਨ ਦੀ ਯੋਜਨਾ ਬਣਾਈ ਗਈ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਸੰਗਤਾਂ ਨਾਲ ਮਿਲ ਕੇ ਮਨਾਇਆ ਨਵਾਂ ਸਾਲ

**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਦਿਨ ਦੇ ਪ੍ਰੋਗਰਾਮਾਂ ਤੋਂ ਬਾਅਦ 31 ਦਸੰਬਰ ਦੀ ਸ਼ਾਮ ਨੂੰ ਨਵੇਂ ਸਾਲ ਨੂੰ ਮੁੱਖ ਰੱਖਦਿਆਂ ਕੀਰਤਨ ਦਿਵਾਨ ਸਜਾਏ ਗਏ, ਜਿਸ ਦੌਰਾਨ ਸ. ਗੁਰਨਾਮ ਸਿੰਘ ਭੰਡਾਲ ਤੇ ਜਥੇ ਦੇ ਬਾਕੀ ਭਾਈ ਸਾਹਿਬਾਨ ਤੋਂ ਇਲਾਵਾ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ, ਭਾਈ ਨਿਰਭੈਰ ਸਿੰਘ ਦੇ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਪਰੋਕਤ ਕੀਰਤਨ ਦੀਵਾਨ ਨਿਰੰਤਰ ਨਵੇਂ ਸਾਲ ਤੱਕ ਹੁੰਦੇ ਰਹੇ ਤੇ ਜਿਉਂ ਹੀ ਕਲਾਕ ਦੀਆਂ ਸੂਈਆਂ ਨੇ ਰਾਤ ਦੇ ਬਾਰਾਂ ਵਜਾਏ ਭਾਵ 2018 ਨਵਾਂ ਸਾਲ ਚੜ੍ਹਿਆ ਤਾਂ ਸਟੇਜ ਸਕੱਤਰ ਸ੍ਰੀ ਰਾਜ ਸੂਦ ਨੇ ਜੈਕਾਰਿਆਂ ਦੀ ਗੂੰਜ ਨਾਲ ਨਵੇਂ ਸਾਲ 2018 ਦਾ ਸਵਾਗਤ ਕੀਤਾ। ਇਸੇ ਤਰ੍ਹਾਂ ਇਕ ਤੋਂ ਬਾਅਦ ਇਕ ਜੈਕਾਰੇ ਗੂੰਜਦੇ ਰਹੇ ਤੇ ਗੁਰੂ ਘਰ ਦੇ ਰਾਗੀ ਜਥੇ ਨੇ ਆਪਣਾ ਕੀਰਤਨ ਦੀਵਾਨ ਦੀ ਸਮਾਪਤੀ ਕਰਨ ਉਪਰੰਤ 2017 ਨੂੰ ਖੁਸ਼ੀ ਖੁਸ਼ੀ ਅਲਵਿਦਾ ਕਹਿੰਦਿਆਂ ਨਵੇਂ ਸਾਲ 2018 ਨੂੰ ਬੜੇ ਚਾਵਾਂ ਨਾਲ ਜੀ ਆਇਆਂ ਆਖਦਿਆਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੂਹਰੇ ਅਰਦਾਸ ਕੀਤੀ ਕਿ ਨਵਾਂ ਸਾਲ ਸਮੂਹ ਸੰਗਤਾਂ ਲਈ ਸਦਾ ਚੜ੍ਹਦੀਕਲਾ ਵਾਲਾ ਰਹੇ ਤੇ ਪੂਰੇ ਵਿਸ਼ਵ ਵਿਚ ਪ੍ਰੇਮ, ਭਰਾਤਰੀ ਦਾ ਭਾਵ ਪੈਦਾ ਹੋਵੇ ਤੇ ਹਮੇਸ਼ਾ ਸ਼ਾਂਤੀ ਦਾ ਮਾਹੌਲ ਬਣਿਆ ਰਹੇ। ਇਸ ਉਪਰੰਤ ਸੰਗਤਾਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਜੀ ਨੇ ਨਵੇਂ ਸਾਲ ਦੀਆਂ ਦਿਲੀ ਹਾਰਦਿਕ ਵਧਾਈਆਂ ਦਿੱਤੀਆਂ।















ਰਿਪੋਰਟ ਅਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











# Sri Guru Ravidass Sabha & Sangat of Pittsburg celebrated Parkash Utsav of Guru Gobind Singh Ji and New Year's Eve
















Last Sunday, December 31, 2017, Gurughar Committee celebrated Prakash Divas of Guru Gobind Singh Ji, the tenth Sikh Guru, a Spiritual Master, warrior, poet, and Philosopher. Ragi Jatha Giani Ompal Singh, Giani Gurnam Singh Ji and Giani Harjinder Singh Rasia adorned the occasion.

**December 31, 2017 Rain Sabai - New Year's celebrations by Suman family**

New Year's Eve was celebrated at Sri Guru Ravidass Temple, Pittsburg in welcoming the year 2018. Sukhmani Sahib Path and Langar Sewa were hosted by Chairman Ramesh Suman, Gyan Suman and family. Jathas of Bhai Suveg Singh, Giani Gurnam Singh/Ompal Singh and Giani Harjinder Singh Rasia did Gurbani Shabad Kirtan. Famous Punjabi singer, Anoop Singh Cheema mesmerized entire Sangat with his melodious lyrics and voice. Rising young singer, Dalbir Kaur sang SHABAD beautifully for 20-25 minutes. Jassi Rasia played TABLA with the singers; he is one of the best Tabla players in the area. The entire event was very well organized by the General Secretary, Dilbag Singh and the management committee.



The langar, sweets and soft drinks were served throughout the day until 1:00 AM of the New Year. More than thousand people came to Gurughar to get Guru Ji's blessing. There was a feeling of love, happiness and harmony in the Sangat.

Mrs. Raju, Mrs. Sandhu, Mohinder Kaur, Resham Kaur, Kashmir Kaur, Kulwant Banga, Prem Kumar, Bimla Rani, Jaswinder Kaur, Santokh Madhar, RenuMadhar, Balwinder Kumar, Gian Rattu, Satya M Rattu and Kulbhushan Sharma and so many other members of the sangat did cook and helped with the langar sewa for 3-4 days. Giani Gurnam Singh and Giani Ompal Singh



as always helped with the Langar and keeping Gurughar neat and clean.

Suman Family hosted Diwali Festival and New Year celebrations. They are planning on hosting LOHARI festival on January 13, in the Gurughar. Hardial Banga and Kulwant Banga are getting the windows replaced and remodeling the 2150 Crestview building of Gurughar at their own cost. They are working tirelessly on this project to get the building ready before the next Gurpurab in February. The entire Sangat and community applaud their SEWA. Community is witnessing the improvements made to the Gurughar in last 5-6 years. The management committee requested more volunteers to contribute to Gurughar with TAN, MAN and DHAN construction, maintenance and upcoming major events to be celebrated in Gurughar. The management committee is planning to contract the DEORI and install DOMES as approved by the city, in the Gurughar in this year. The present committee seems to be working harmoniously and is on the right path. Committee and the volunteers deserve much appreciation for their efforts and SEWA. May Guru Ji bless all HIS Sangat with a very Happy, Healthy and Prosperous New Year, full of love and joy. It is on the calendar of Gurughar Committee to celebrate all the festivals and Gurupurabs, in the same enthusiasm, with the help and co-ordination of the entire Sangat

**(Ambedkar Times Bureau)**

# ਨਵੇਂ ਵਰ੍ਹੇ ਦੀ ਆਮਦ ’ਤੇ ਪਾਠ ਪੜ੍ਹੇ ਗਏ ਅਤੇ ਖੁਸ਼ੀਆਂ ਮਨਾਈਆਂ ਗਈਆਂ

**ਯੂਬਾ ਸਿਟੀ-** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੇ ਸੱਦੇ ’ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 186-84 ਪਰਸੀ ਐਵਨਿਊ ਯੂਬਾ ਸਿਟੀ ਵਿਖੇ ਸਮੂਹ ਸੰਗਤਾਂ ਵੱਲੋਂ 31 ਦਸੰਬਰ 2017 ਸ਼ਾਮ 7 ਵਜੇ ਤੋਂ ਲੈ ਕੇ ਨਵੇਂ ਸਾਲ 1 ਜਨਵਰੀ 2018 ਦੀ ਸ਼ੁਰੂਆਤ 1 ਵਜੇ ਤੱਕ ਸਭ ਤੋਂ ਪਹਿਲਾਂ ਰਮਾਇਣ ਸਾਹਿਬ ਦੇ ਪਾਠ ਕੀਤੇ ਗਏ, ਉਪਰੰਤ ਆਰਤੀ ਅਰਦਾਸ ਕੀਤੀ ਗਈ। ਸਾਲ 2017 ਦੀਆਂ ਯਾਦਾਂ ਨੂੰ ਮੁੜ ਤੋਂ ਸੁਰਜੀਤ ਕੀਤਾ ਗਿਆ। ਸੰਗਤਾਂ ਵਿਚ ਭਾਰੀ ਉਤਸ਼ਾਹ ਸੀ। ਖਾਸ ਕਰਕੇ ਨੌਜਵਾਨ, ਬੱਚੇ-ਬੱਚੀਆਂ ਵਿਚ ਕਾਫੀ ਉਤਸ਼ਾਹ ਸੀ। ਇਹ ਸ਼ੁੱਭ ਉਪਰਾਲਾ ਵੀ ਨੌਜਵਾਨਾਂ ਦੀ ਸਲਾਹ ਨਾਲ ਹੀ ਕੀਤਾ ਗਿਆ। ਸਾਰੀਆਂ ਸੰਗਤਾਂ ਨੇ ਆਪਸ ਵਿਚ ਇਕ-ਦੂਜੇ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਵੱਖ-ਵੱਖ ਬੁਲਾਰਿਆਂ ਸੰਤੋਖ ਸਿੰਘ ਗਿੱਲ, ਗੁਰਪਾਲ ਸਿੰਘ, ਵਿਨੋਦ ਗਿੱਲ, ਗੁਰਜੀਤ ਸਿੰਘ, ਰਵੀ ਸਿੰਘ ਤੇ ਬੀਬੀ ਸੁਖਵੀਰ ਕੌਰ ਵੱਲੋਂ ਆਈਆਂ ਸਾਰੀਆਂ ਸੰਗਤਾਂ ਨੂੰ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ।

ਨਾਮਵਰ ਕਲਾਕਾਰਾਂ ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜ ਕੁਮਾਰ, ਰੋਹਤਾਸ਼ ਭਗਾਣੀ, ਸ਼ੌਂਕੀ ਧਾਲੀਵਾਲ ਵੱਲੋਂ ਸਤਿਗੁਰੂ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਨਿਹਾਲ ਕੀਤਾ ਗਿਆ। ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਾਮ 7 ਵਜੇ ਤੋਂ ਸਵੇਰੇ 1 ਵਜੇ ਤੱਕ ਲੰਗਰ ਦੀ ਅਤੁੱਟ ਸੇਵਾ ਚਲਦੀ ਰਹੀ। ਪ੍ਰੋਗਰਾਮ ਦੇ ਅੰਤ ਵਿਚ ਭਗਵਾਨ ਵਾਲਮੀਕ ਜੀ ਦੇ ਚਰਨਾਂ ’ਚ ਸੰਗਤਾਂ ਲਈ ਨਵਾਂ ਵਰ੍ਹਾ 2018 ਬਹੁਤ ਹੀ ਖੁਸ਼ੀਆਂ ਖੇੜੇ ਲੈ ਕੇ ਆਉਣ ਤੇ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਅਰਦਾਸ ਕੀਤੀ ਗਈ। ਅਖੀਰ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਨਵੇਂ ਵਰ੍ਹੇ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ।







ਰਿਪੋਰਟ ਅਤੇ ਤਸਵੀਰਾਂ- ਸੰਤੋਖ ਸਿੰਘ ਗਿੱਲ










# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਮਨਾਇਆ ਨਵਾਂ ਸਾਲ













**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ 31 ਦਸੰਬਰ ਦਿਨ ਐਤਵਾਰ ਨੂੰ ਸ਼ਾਮ 6 ਵਜੇ ਤੋਂ ਰਾਤ 12 ਵਜੇ ਤੱਕ ਮਹਾਨ ਕੀਰਤਨ ਦਰਬਾਰ ਸਜਾਏ ਗਏ। 31 ਦਸੰਬਰ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਹਜ਼ੂਰੀ ਜਥਾ, ਜਥੇਦਾਰ ਗੁਰਨਾਮ ਸਿੰਘ ਭੰਡਾਲ, ਭਾਈ ਜੋਗਿੰਦਰ ਸਿੰਘ, ਭਾਈ ਅਜਮੇਰ ਸਿੰਘ, ਬੀਬੀ ਅਲੋਚਨਾ ਰਾਏ, ਭਾਈ ਹੀਰਾ ਸਿੰਘ, ਭਾਈ ਪੰਜਾਬ ਸਿੰਘ ਜੀ ਯੂਬਾ ਸਿਟੀ ਵਾਲੇ, ਜੋਗਿੰਦਰ ਸਿੰਘ ਸ਼ੌਂਕੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਜਥਿਆਂਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਜਲੇਬੀਆਂਦੇ ਲੰਗਰ ਦੀ ਸੇਵਾ ਕੀਤੀ। ਸਮੂਹ ਸਾਧ ਸੰਗਤ ਜੀ ਨੇ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੋਦ ਵਿਚ ਬੈਠ ਕੇ ਨਵਾਂ ਸਾਲ 2018 ਨੂੰ ਜੀ ਆਇਆਂ ਕਿਹਾ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਏ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 31 ਦਸੰਬਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ 4 ਸਾਹਿਬਜ਼ਾਦਿਆਂ ਦੀ ਯਾਦ ਵਿਚ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਯ ਤੋਂ ਬਾਅਦ ਬੀਬੀ ਅਲੋਚਨਾ ਰਾਏ, ਭਾਈ ਹੀਰਾ ਸਿੰਘ ਜੀ, ਜੋਗਿੰਦਰ ਸਿੰਘ ਸ਼ੌਂਕੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਕਰੇਸ ਮਨਦੋਜਾ, ਬੀਬੀ ਸਨਦੀਪ ਮਨਦੋਜਾ, ਕਾਕਾ ਕੇਤਨ ਮਨਦੋਜਾ ਜੀ ਨੂੰ ਪਹਿਲੀ ਵਾਰ ਗੁਰੂ ਘਰ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

******

## ਗੁਰੂ ਗੋਬਿੰਦ ਸਿੰਘਜੀ ਦਾ ਆਗਮਨ ਪੁਰਬ 7 ਜਨਵਰੀ ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਿਤੀ 5, 6, 7 ਜਨਵਰੀ 2018 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਪੁਰਬ ਮਨਾਇਆ ਜਾ ਰਿਹਾ ਹੈ, ਜਿਸ ਵਿਚ 5 ਜਨਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 7 ਜਨਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਂਲ ਸੰਪਰਕ ਕਰ ਸਕਦੇ ਹਨ।







# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2018 ਦੀਆਂ ਲੱਖ-ਲੱਖ ਵਧਾਈਆਂ



ਪ੍ਰਸ਼ੋਤਮ ਸੂਦ
(ਚੇਅਰਮੈਨ)



ਕੁਲਦੀਪ ਸਿੰਘ ਸੁੰਮਨ
(ਨਿਊਜ਼ ਪਰਸਨ)



ਲਖਵੀਰ ਸੂਦ
(ਟਰੱਸਟੀ)

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

**SHRI GURU RAVIDASS TEMPLE 1480 HAYNE AVENUE, YUBA CITY, CA 95993**





ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2018 ਦੀਆਂ ਲੱਖ-ਲੱਖ ਵਧਾਈਆਂ



ਦਲਵਿੰਦਰ ਰੱਲ੍ਹ
(ਪ੍ਰਧਾਨ)



ਸਤਨਾਮ ਸਿੰਘ (ਨੰਗਲ ਕਲਾਂ)
ਵਾਈਸ ਜਨਰਲ ਸਕੱਤਰ


ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

SHRI GURU RAVIDASS TEMPLE 1480
HAYNE AVENUE, YUBA CITY, CA 95993

# ਦੁਨੀਆ ਦਾ ਪਹਿਲਾ ਮਨੁੱਖੀ-ਅਧਿਕਾਰਵਾਦੀ ਗੁਰੂ ਗੋਬਿੰਦ ਸਿੰਘ ਜੀ

ਮਾਨਵਾਧਿਕਾਰ ਤੋਂ ਭਾਵ ਉਨਾਂ ਸਭ ਅਧਿਕਾਰਾਂ ਤੋਂ ਹੈ, ਜੋ ਵਿਅਕਤੀ ਦੀ ਸਮਾਨਤਾ, ਵਿਚਾਰਧਾਰਾ, ਪ੍ਰਤੀਸ਼ਠਾ, ਰਾਸਟਰੀ ਅਤੇ ਅੰਤਰ ਰਾਸਟਰੀ ਮਨੁੱਖੀ ਕਦਰਾਂ ਕੀਮਤਾਂ ਅਤੇ ਜੀਵਨ ਨਾਲ ਜੁੜੇ ਹੁੰਦੇ ਹਨ।ਮਨੁੱਖ ਨੂੰ ਮਨੁੱਖ ਤੋਂ ਪ੍ਰਾਪਤ ਹੋਣ ਵਾਲੇ ਅਧਿਕਾਰ ਹੀ ਮਾਨਵਾਧਿਕਾਰ ਹਨ।ਇਹ ਅਧਿਕਾਰ ਕਿਸੇ ਦੇਸ ਦੀ ਸੀਮਾਂ ਨਾਲ ਨਹੀ ਬੱਝੇ ਹੁੰਦੇ।ਜਦੋਂ ਕਿ ਮੂਲ ਅਧਿਕਾਰ ਮਨੁੱਖ ਨੂੰ ਨਾਗਰਿਕ ਹੋਣ ਦੇ ਨਾਤੇ ਦੇਸ ਅਤੇ ਰਾਜ ਦੁਆਰਾ ਪ੍ਰਾਪਤ ਹੂੰਦੇ ਹਨ।ਉਨਾਂ ਨੂੰ ਮੂਲ ਅਧਿਕਾਰ ਕਿਹਾ ਜਾਦਾ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣਾ ਸਾਰਾ ਸਰਬੰਸ ਇਨਾਂ ਮਾਨਵਾਧਿਕਾਰਾਂ ਦੀ ਰੱਖਿਆਂ ਅਤੇ ਹਿੰਦੂਆਂ ਨੂੰ ਔਰੰਗਜੇਬ ਦੇ ਜੁਲਮਾਂ ਤੋਂ ਬਚਾਉਣ ਲਈ ਕੁਰਬਾਨ ਕਰ ਦਿਤਾ।

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ।ਆਪ ਦੇ ਪਿਤਾ ਜੀ ਦਾ ਨਾਮ ਸ੍ਰੀ ਗੁਰੂ ਤੇਗ਼ ਬਹਾਦਰ ਸੀ। ਆਪ ਦਾ ਜਨਮ 22 ਦਸੰਬਰ 1666 ਈ. ਨੂੰ ਪਟਨਾ ਸ਼ਹਿਰ ਵਿਖੇ ਹੋਇਆ ਜੋ ਕਿ ਬਿਹਾਰ ਰਾਜ ਵਿੱਚ ਸਥਿਤ ਹੈ। ਆਪ ਦੇ ਮਾਤਾ ਜੀ ਦਾ ਨਾਂ ਮਾਤਾ-ਗੁਜਰੀ ਸੀ। ਮਾਤਾ-ਗੁਜਰੀ ਅਪਣੇ ਸਾਹਿਬਜ਼ਾਦੇ ਗੋਬਿੰਦ ਰਾਇ ਨੂੰ ਬਹੁਤ ਪਿਆਰ ਕਰਦੀ ਸੀ। ਮਾਤਾ-ਗੁਜਰੀ ਨੇ ਗੋਬਿੰਦ ਨੂੰ ਬਚਪਨ ਵਿੱਚ ਹੀ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਨਾਉਣੀਆ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਨੇ ਸਾਹਿਬਜ਼ਾਦੇ ਨੂੰ ਪੰਜ ਸਾਲ ਦੀ ਉਮਰ ਵਿੱਚ ਹੀ ਗੁਰਮੁੱਖੀ ਭਾਸ਼ਾ ਸਿਖਾਉਣੀ ਸ਼ੁਰੂ ਕਰ ਦਿੱਤੀ ਸੀ। ਇਸ ਤਰ੍ਹਾਂ ਗੋਬਿੰਦ ਜੀ ਨੂੰ ਬਿਹਾਰ ਦੀ ਬਿਹਾਰੀ ਭਾਸ਼ਾ ਅਤੇ ਗੁਰਮੁੱਖੀ ਭਾਸ਼ਾ (ਪੰਜਾਬੀ) ਦਾ ਗਿਆਨ ਹੋ ਗਿਆ ਸੀ। ਗੁਰੂ ਗੋਬਿੰਦ ਜੀ ਦੀ ਯਾਦ ਸ਼ਕਤੀ ਬਹੁਤ ਜ਼ਿਆਦਾ ਸੀ। ਇਸ ਦੇ ਸਦਕੇ ਹੀ ਗੋਬਿੰਦ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ ਦੀ) ਵਿੱਚ ਬੈਠ ਕੇ ਸਾਰਾ "ਆਦਿਗ੍ਰੰਥ" ਜ਼ੁਬਾਨੀ ਹੀ ਲਿਖਵਾਇਆ ਸੀ।



ਪ੍ਰੋ. ਰਵਿੰਦਰ ਕੁਮਾਰ
91-90564-89404

ਖ਼ਾਲਸਾ ਸਾਜਣ ਤੋਂ ਬਾਅਦ ਗੋਬਿੰਦ ਰਾਇ ਜੀ ਦਾ ਨਾਂ ਕੇ ਗੁਰੂ ਗੋਬਿੰਦ ਸਿੰਘ ਹੋ ਗਿਆ। ਦੁਨੀਆ ਵਿੱਚ ਇਹ ਨਾਮ "ਗੁਰੂ ਗੋਬਿੰਦ ਸਿੰਘ" ਜੀ ਦੇ ਨਾਮ ਨਾਲ ਹੀ ਮਸ਼ਹੂਰ ਹੈ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੋਬਿੰਦ ਰਾਏ ਨੂੰ ਬਹਾਦਰ ਅਤੇ ਹਰ ਪੱਖ ਤੋਂ ਯੋਗ ਬਣਾਉਣਾ ਚਾਹੁੰਦੇ ਸਨ।ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਮੁਖੀ ਭਾਸ਼ਾ ਦੇ ਨਾਲ-ਨਾਲ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਭਾਸ਼ਾ ਵੀ ਸਿਖਾਉਣ ਦਾ ਇੰਤਜ਼ਾਮ ਕਰ ਦਿੱਤਾ ਸੀ। ਪੰਡਿਤ ਹਰਿਜਸ ਰਾਏ ਨੇ ਗੁਰੂ ਜੀ ਨੂੰ ਸੰਸਕ੍ਰਿਤ ਭਾਸ਼ਾ ਦਾ ਗਿਆਨ ਕਰਵਾਇਆ। ਫਾਰਸੀ ਅਤੇ ਅਰਬੀ ਭਾਸ਼ਾ ਲਈ ਕਾਜ਼ੀ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਤਰ੍ਹਾਂ ਗੁਰੂ ਸਾਹਿਬ ਮਹਾਨ ਵਿਦਵਾਨ ਬਣ ਗਏ ਸਨ। ਉਨ੍ਹਾਂ ਨੇ ਅਪਣੀ ਕਲਮ ਤੋਂ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ ਸੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੰਜਾਬੀ, ਫ਼ਾਰਸੀ ਅਤੇ ਸੰਸਕ੍ਰਿਤ ਵਿੱਚ ਗੁਰਬਾਣੀ ਲਿਖੀ ਸੀ। ਸ਼ੁਰੂ ਵਿੱਚ ਇਸ ਗ੍ਰੰਥ ਨੂੰ "ਆਦਿ ਗ੍ਰੰਥ" ਨਾਲ ਪੁਕਾਰਿਆ ਜਾਂਦਾ ਸੀ। ਫਿਰ ਇਸ ਗ੍ਰੰਥ ਰਤਨ ਨੂੰ "ਬਚਿਤ੍ਰ ਨਾਟਕ" ਕਿਉਂਕਿ ਇਸ ਵਿੱਚ ਬਚਿੱਤਰ ਤਰ੍ਹਾਂ ਦੀ ਬਾਣੀ ਅਤੇ ਅਨੇਕਾਂ ਤਰ੍ਹਾਂ ਦਾ ਗਿਆਨ ਸੀ। ਜੋ ਕਿਸੇ ਹੋਰ ਗ੍ਰੰਥਾਂ ਵਿੱਚ ਨਹੀਂ ਮਿਲ ਸਕਦਾ, ਇਸ ਕਰਕੇ ਇਸ ਨੂੰ 'ਬਚਿਤ੍ਰ ਨਾਟਕ' ਨਾਮ ਨਾਲ ਜਾਣਿਆ ਜਾਂਦਾ ਸੀ। ਸਹਿਜੇ-ਸਹਿਜੇ ਸਰਲ ਅਤੇ ਸੰਖੇਪ ਨਾਂ ਦੀ ਰੁਚੀ ਅਧੀਨ ਇਸ ਨੂੰ "ਦਸਮ ਗ੍ਰੰਥ" ਕਿਹਾ ਜਾਣ ਲੱਗਿਆ ਅਤੇ ਹੁਣ ਇਹੀ ਇਸ ਦਾ ਸਰਬ ਪ੍ਰਚਲਿਤ ਨਾਮ ਹੈ। ਇਸ ਗ੍ਰੰਥ ਵਿੱਚ 16 ਲਿਖਤਾਂ ਮੌਜੂਦ ਸਨ। (1) ਜਾਪ ਸਾਹਿਬ (2) ਅਕਾਲ ਉਸਤਤਿ (3) ਬਚਿਤ੍ਰ ਨਾਟਕ (4) ਚੰਡੀ ਚਰਿਤ੍ਰ (ਉਕਤਿ ਬਿਲਾਸ) (5) ਚੰਡੀ ਚਰਿਤ੍ਰDEL2। (6) ਚੰਡੀ ਦੀ ਵਾਰ। (7) ਗਿਅਨ ਪ੍ਰਬੋਧ। (8) ਬਿਸ਼ਨ ਅਵਤਾਰ (9) ਬ੍ਰਹਮ ਅਵਤਾਰ (10) ਰੁਦਰ ਅਵਤਾਰ (11) ਸ਼ਬਦ ਹਜਾਰੇ (12) 33 ਸਵੱਈਏ। (13) ਖਾਲਸਾ ਮਹਿਮਾ। (14) ਸ਼ਸਤਰ ਨਾਮ ਮਾਲਾ। (15) ਸ੍ਰੀ ਚਰਿਤਰੋਪਾਥਯਾਨ। (16) ਜਫਰਨਾਮਾ ਆਦਿ।

ਇਨ੍ਹਾਂ ਦੀ ਰਚਨਾ "ਚੰਡੀ ਚਰਿਤ੍ਰ(ਚੰਡੀ ਦੀ ਵਾਰ)" ਬਹੁਤ ਜ਼ਿਆਦਾ ਮਸ਼ਹੂਰ ਹੋਈ। ਇਸ ਦੀਆਂ ਕੁਝ ਸਤਰਾਂ ਹਨ।DEL

ਦੇਹਿ ਸਿਵਾ ਬਰੁ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨਾ ਟਰੋਂ।।
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸ਼ਚੈ ਕਰ ਅਪੁਨੀ ਜੀਤ ਕਰੋਂ।।
ਅਰੁ ਸਿਖ ਹੋ ਅਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈਂ ਤੁਬ ਜੁਝ ਮਰੋਂ।।

ਇਸ ਦਾ ਅਰਥਾਤ ਹੈ ਕਿ ਹੇ ਵਾਹਿਗੁਰੂ, ਪਰਮ ਪਿਤਾ ਪਰਮੇਸ਼ਵਰ, ਤੂੰ ਹੀ ਕਲਿਆਣਕਾਰੀ ਹੈ।ਮੈਨੂੰ ਇਹ ਵਰ ਦਿਉ ਕਿ ਮੈਂ ਸ਼ੁਭ ਕਰਮ ਤੋਂ ਭਾਵ ਬੇਸਹਾਰਿਆ ਦਾ ਸਹਾਰਾ ਬਣਾ, ਜ਼ਰੂਰਤਮੰਦਾਂ ਦੀ ਜ਼ਰੂਰਤ ਬਣਾ, ਮਾਨਵਤਾ ਤੇ ਹੋ ਰਹੇ ਅਤਿਆਚਾਰਾਂ ਤੋਂ ਮਨੁੱਖ ਦੀ ਮਦਦ ਕਰਾਂ, ਗ਼ਰੀਬਾਂ ਦਾ ਸਹਾਰਾ ਬਣਾ ਆਦਿ। ਹੇ ਪਰਮਾਤਮਾ ਮੈਂ ਜਦੋਂ ਵਿਰੋਧੀ ਨਾਲ ਲੜਦਾ ਹੋਵਾ ਤਾਂ ਮੈਨੂੰ ਆਤਮ ਨਿਰਭਰ ਬਣਾ ਦੇਣਾ ਕਿ ਮੈਂ ਦੁਸ਼ਮਣ ਤੇ ਜਿੱਤ ਪ੍ਰਾਪਤ ਕਰ ਸਕਾ। ਮੈਂ ਜੋ ਵੀ ਕੰਮ ਕਰਾਂ ਅਪਣੀ ਸ਼ੁਧ ਆਤਮਾ ਨਾਲ ਮਾਨਵਤਾ ਦੀ ਸੇਵਾ ਲਈ ਕਰਾਂ ਬਿਨਾਂ ਕਿਸੀ ਲਾਲਚ ਦੇ, ਹੇ ਸਤਿਗੁਰੂ ਮੈਨੂੰ ਕੇਵਲ ਇੱਕ ਹੀ ਲਾਲਚ ਹੋਵੇ ਕਿ ਤੇਰੇ ਗੁਣਾ ਦਾ ਉਚਾਰਨ ਕਰਦਾ ਰਿਹਾ ਅਤੇ ਅਖਿਰਕਾਰ ਜਦ ਮੌਤ ਦਾ ਸਮਾਂ ਆ ਜਾਵੇ ਤਾਂ ਅਪਣੇ ਧਰਮ ਦੀ ਜੱਦੋਂ ਜਹਿਦ ਕਰਦਾ ਹੀ ਮਰ ਜਾਵਾਂ। ਹੇ ਸਤਿਗੁਰੂ, ਪਰਮ ਪਿਤਾ ਮੇਰੇ ਉੱਤੇ ਰਹਿਮ ਕਰੋ। ਮੇਰੇ ਉੱਤੇ ਅਪਣੀ ਬਖਸ਼ਿਸ਼ ਕਰੋ।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ ਬਹੁਤ ਲੰਬਾ ਨਹੀਂ ਸੀ। ਪ੍ਰੰਤੂ ਉਹ ਘਟਨਾਵਾਂ ਨਾਲ ਇਨ੍ਹਾਂ ਭਰਪੂਰ ਸੀ ਕਿ ਉਹਨਾਂ ਨੂੰ ਸ਼ਾਇਦ ਹੀ ਕਿਤੇ ਆਰਾਮ ਮਿਲਿਆ ਹੋਵੇ। ਨੇਕੀ ਨੂੰ ਬਚਾਉਣ ਅਤੇ ਬਦੀ ਨੂੰ ਮਿਟਾਉਣਾ ਉਨ੍ਹਾਂ ਦੇ ਜੀਵਨ ਦਾ ਮੁੱਖ ਮਨੋਰਥ ਸੀ। ਅਜਿਹਾ ਜਜ਼ਬਾ ਤਾਂ ਸਿਰਫ਼ ਪਵਿੱਤਰ ਆਤਮਾਵਾਂ ਵਿੱਚ ਹੀ ਹੁੰਦਾ ਹੈ। ਜੋ ਕਿ ਬਿਨਾਂ ਕਿਸੇ ਲਾਲਚ ਤੋਂ ਮਨੁੱਖਤਾ ਦੀ ਸੇਵਾ ਕਰਦੀਆਂ ਹਨ। ਅਜਿਹੀਆਂ ਆਤਮਾਵਾਂ ਮਨੁੱਖਤਾ ਲਈ ਅਪਣਾ ਜੀਵਨ ਵੀ ਵਾਰ ਦਿੰਦੀਆਂ ਹਨ। ਅਜਿਹੀ ਆਤਮਾ ਦਾ ਵਾਸ ਸ੍ਰੀ ਗੁਰੂ ਗੋਬਿੰਦ ਸਿੰਘ ਵਿੱਚ ਸੀ ਜੋ ਹਰ ਸਮੇਂ ਜ਼ਰੂਰਤ ਮੰਦ ਦੀ ਸੇਵਾ ਲਈ ਤਿਆਰ-ਬਰ-ਤਿਆਰ ਰਹਿੰਦੀ ਸੀ।ਬਿਨਾਂ ਦਿਨ ਅਤੇ ਰਾਤ, ਚੈਨ ਦੀ ਪ੍ਰਵਾਹ ਕੀਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੀ ਨਿਮਾਣੀ ਧਰਤੀ ਨੂੰ ਆਪਣੇ ਚਰਨਾਂ ਦੀ ਛੂਹ ਨਾਲ ਪਵਿੱਤਰ ਅਤੇ ਸੂਰਬੀਰ ਦੀ ਧਰਤੀ ਵਿੱਚ ਬਦਲ ਦਿੱਤਾ। ਪੰਜਾਬ ਦੇ ਨਿਮਾਣੇ, ਨਿਤਾਣੇ ਲੋਕਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨਾਲ ਨਵਾਂ ਬਲ ਜਾਗ ਪਿਆ ਅਤੇ ਉਹ ਗਿੱਦੜਾਂ ਤੋਂ ਸ਼ੇਰ ਬਣ ਕੇ ਜ਼ੁਲਮ ਤੇ ਜ਼ਬਰ ਦੇ ਖ਼ਿਲਾਫ਼ ਤਲਵਾਰ ਉਠਾਉਣ ਲਈ ਤਿਆਰ ਹੋ ਗਏ।



ਅੱਜ ਤੱਕ ਦੇ ਇਤਿਹਾਸ ਵਿੱਚ ਕਿਤੇ ਵੀ ਕਿਸੇ ਸਖਸੀਅਤ ਦੀ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ ਜੋ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਵਾਂਗ ਮਾਨਵਤਾ ਦੇ ਕਲਿਆਣ ਲਈ ਜ਼ੁਲਮ, ਅਨਿਆਏ, ਕੱਟੜਵਾਦ, ਫ਼ਿਰਕੂਪ੍ਰਸਤੀ ਅਤੇ ਸਹਿਨਸੀਲਤਾ ਦੇ ਖ਼ਿਲਾਫ਼ ਧਰਮਯੁੱਧ ਕਰਦਿਆਂ ਅਪਣਾ ਸਾਰਾ ਸਰਬੰਸ ਵਾਰਿਆ ਹੋਵੇ।ਅਤੇ ਮਾਨਵਾਧਿਕਾਰ ਵਾਦੀ ਮਹਾਨ ਆਦਰਸ਼ਾਂ ਦੀ ਪੂਰਤੀ ਲਈ ਏਨੀਆਂ ਕੁਰਬਾਨੀਆਂ ਕੀਤੀਆਂ ਹੋਣ। ਇਸ ਸੋਚ ਨੇ ਗੁਰੂ ਜੀ ਨੂੰ ਦੁਨੀਆ ਦਾ ਪਹਿਲਾ ਮਹਾਬਲੀਦਾਨੀ ਪੁਰਸ਼ ਬਣਾ ਦਿੱਤਾ। ਆਪ ਜੀ ਨੇ ਮਨੁੱਖਤਾ ਸਾਹਮਣੇ ਮਹਾਨ ਆਦਰਸ਼ ਰੱਖੇ ਜਿਵੇਂ:

"ਯਾਹੀ ਕਾਜ ਧਰਾ ਹਮ ਜਨਮੰ
ਸਮਝ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਾਰਨ
ਦੁਸ਼ਟ ਸਭਨ ਕੋ ਮੂਲ ਉਪਾਰਨ"

ਆਪ ਦਾ ਨਿਸ਼ਾਨਾ ਕੋਈ ਵੱਖਰਾ ਮਜ਼ੁਬ ਬਣਾਉਣਾ ਨਹੀਂ ਸੀ ਨਾ ਹੀ ਕੋਈ ਦੁਨੀਆਵੀ ਸਲਤਨਤ ਕਾਇਮ ਕਰਨਾ ਸੀ। ਉਨ੍ਹਾਂ ਦੀ ਜੰਗ ਤਾਂ ਸੱਚਾਈ, ਇਨਸਾਫ਼, ਪਰਸਪਰ ਮੁਹੱਬਤ ਅਤੇ ਮਨੁੱਖੀ ਏਕਤਾ ਲਈ ਸੀ। ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਮਿਟਾਉਣ ਲਈ ਸੀ ਉਨ੍ਹਾਂ ਲੋਕਾਂ ਨੂੰ ਗੱਲ ਲਾਉਣ ਲਈ ਸੀ, ਜਿਨ੍ਹਾਂ ਨੂੰ ਜਾਤ-ਪਾਤ ਅਭਿਮਾਨੀਆ, ਰਾਜ ਹੰਕਾਰੀਆਂ ਨੇ ਯੁੱਗ-ਯੁੱਗਾਂ ਤੋਂ ਮੱਧ ਕੇ ਅਤੇ ਦਰੜਿਆ ਹੋਇਆ ਸੀ।

ਕਲਗੀਧਰ ਮਹਾਰਾਜ ਸ੍ਰੀ ਗੁਰੂ ਗੋਬਿੰਦ ਜੀ ਦੀਆਂ ਨਜ਼ਰਾਂ ਵਿੱਚ "ਮਾਨਸ ਕੀ ਜਾਤ" ਇਕੋ ਸੀ।

"ਹਿੰਦੂ ਤੁਰਕ ਕੋਊ ਗਫਜ਼ੀ ਇਮਾਮ ਸ਼ਾਫੀ,
ਮਾਨਸ ਕੀ ਜਾਤਿ ਸਬੇ ਏਕੇ ਪਹਿਚਾਨਬੋ,"

ਮਸਜਿਦਾਂ ਅਤੇ ਮੰਦਿਰਾਂ ਦੇ ਪ੍ਰਭੂ ਦਾ ਅਸਥਾਨ ਇਕੋ-ਜਿਹਾ ਹੈ।ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਸੂਲਾਂ ਨੂੰ ਮੰਨਣ ਵਾਲਾ ਉਨ੍ਹਾਂ ਦੇ ਅਸੂਲਾਂ ਉੱਤੇ ਚੱਲਣ ਵਾਲਾ, ਇਨਸਾਨੀਅਤ ਨੂੰ ਪਿਆਰ ਕਰੇਗਾ, ਮੁਹੱਬਤ ਕਰੇਗਾ, ਸਾਰਿਆਂ ਨੂੰ ਗਲੇ ਲਾਏਗਾ, ਊਚ-ਨੀਚ ਦੇ ਭੇਦ ਮਿਟਾ ਕੇ ਨਿਮਾਣਿਆ ਨੂੰ ਮਾਣ, ਨਿਤਾਣਿਆ ਨੂੰ ਤਾਣ, ਨਿਉਟਿਆਂ ਨੂੰ ਓਟ ਅਤੇ ਨਿਮ-ਾਣਿਆਂ ਨੂੰ ਆਸਰਾ ਬਖਸ਼ੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਕ ਸੱਚੇ ਤਿਆਗੀ ਤੇ ਨਿਸ਼ਕਾਮ ਦੇਸ਼ ਭਗਤ ਸਨ। ਆਪ ਜੀ ਦੀ ਸਾਰੀ ਜ਼ਿੰਦਗੀ ਮਿਹਨਤ, ਕੁਰਬਾਨੀ, ਵਿਦਿਅਕ ਸਰਗਰਮੀ, ਅਦੁੱਤੀ ਬਹਾਦਰੀ, ਬੇਹਿਸਾਬ ਸਫ਼ਲਤਾ, ਫ਼ੌਜੀ ਕਾਬਲੀਅਤ, ਅਥਾਹ ਮੁਹੱਬਤ ਅਤੇ ਬੇਮਿਸਾਲ ਹਿੰਮਤ ਦੀ ਇੱਕ ਅਨੋਖੀ ਮਿਸਾਲ ਹੈ। ਉਨ੍ਹਾਂ ਦੇ ਜੀਵਨ ਕਾਲ ਵਿੱਚ ਦਿਲ ਹਿਲਾ ਦੇਣ ਵਾਲੇ ਸਾਕੇ ਅਤੇ ਚੜਦੀਕਲਾ ਵਿੱਚ ਰੱਖਣ ਵਾਲੇ ਕਾਰਨਾਮੇ ਵੀ ਅਣਗਿਣਤ ਵਾਪਰੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ ਸੂਝ-ਬੂਝ, ਹਿੰਮਤ, ਦ੍ਰਿੜ੍ਹਤਾ ਅਤੇ ਯੋਗਤਾ ਵਾਲੇ ਪੁਰਸ ਦੁਨੀਆ ਵਿੱਚ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ। ਫੇਰ ਕਿਹੜੀ ਕੁਰਬਾਨੀ ਰਹਿ ਗਈ,ਜਿਹੜੀ ਇਸ 'ਮਰਦਿ ਅਗੰਮੜਾ' ਨੇ ਨਹੀਂ ਦਿੱਤੀ? ਪਹਿਲਾਂ ਅਪਣੇ ਪਰਮ ਪਿਤਾ ਜੀ ਕੁਰਬਾਨੀ ਦਿੱਤੀ ਤੇ ਫੇਰ ਆਪਣੇ ਦਿਲ ਦੇ ਟੁਕੜੇ ਚਾਰ ਬੱਚਿਆਂ ਨੂੰ ਸ਼ਹੀਦੀ ਦਾ ਜਾਮ ਪਿਲਾਇਆ। ਅਪਣੀ ਜਾਨ ਤੋਂ ਪਿਆਰੀ ਜੀਵਨ ਸਾਥੀ ਜਿਨ੍ਹਾਂ ਨੂੰ ਅਪਣੇ ਦਿਲ ਦੇ ਟੁਕੜਿਆਂ ਤੋਂ ਵੀ ਜ਼ਿਆਦਾ ਪਿਆਰ ਕਰਦੇ ਸਨ, ਉਨ੍ਹਾਂ ਨੂੰ ਵੀ ਵਾਰਿਆ।

ਸੰਘਰਸ਼ ਲਗਾਤਾਰ ਜਾਰੀ ਰਿਹਾ ਅਤੇ ਅਨੇਕ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕੀਤਾ। ਦੇਸ਼ ਅਤੇ ਧਰਮ ਦੀ ਖਾਤਰ ਸਰਬੰਸ ਵਾਰ ਦਿੱਤਾ। ਗੁਰੂ ਗੋਬਿੰਦ ਜੀ ਦਾ ਨਾਂ ਇਕੱਲੇ ਇਤਿਹਾਸ ਦੇ ਪੰਨਿਆ ਤੇ ਹੀ ਨਹੀਂ ਸਗੋਂ ਬੇਸ਼ੁਮਾਰ ਇਨਸਾਨਾਂ ਦੇ ਦਿਲਾਂ ਵਿੱਚ ਅੰਕਿਤ ਹੈ।ਉਨ੍ਹਾਂ ਦੀਆਂ ਕੁਰਬਾਨੀਆਂ ਇਨਸਾਨੀਅਤ ਨੂੰ ਪ੍ਰੇਰਣਾ ਸਦਾ ਦਿੰਦੀਆਂ ਰਹਿਣਗੀਆਂ।

## ਗਾਇਕ ਸੁਰਜੀਤ ਮਾਹੀ ਦੇ ਧਾਰਮਿਕ ਗੀਤ "ਪਰਿਵਾਰ ਵਿਛੋੜਾ" ਨੂੰ ਮਿਲ ਰਿਹਾ ਹੈ ਸੰਗਤਾਂ ਦਾ ਭਰਪੂਰ ਪਿਆਰ



ਗੁਰਪ੍ਰੀਤ ਬੱਲ
(ਰਾਜਪੁਰਾ)

ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਸੁਰੀਲੀ ਤੇ ਦਮਦਾਰ ਗਾਇਕੀ ਸਦਕਾ ਵਿਲੱਖਣ ਪਹਿਚਾਣ ਬਣਾਉਣ ਵਾਲਾ ਗਾਇਕ ਸੁਰਜੀਤ ਮਾਹੀ ਉਹ ਨਾਮ ਹੈ ਜੋ ਕਮਰਸ਼ੀਅਲ ਗਾਇਕੀ ਦੇ ਨਾਲ ਨਾਲ ਧਾਰਮਿਕ ਗਾਇਕੀ ਵਿੱਚ ਵੀ ਪੂਰਾ ਬਰਾਬਰ ਨਿਵਿਆ ਹੈ। ਆਪਣੀ ਗਾਇਕੀ ਦੇ ਇਸ ਸਫਰ ਚ ਲੰਮੇ ਅੰਤਰਾਲ ਤੋਂ ਬਾਅਦ ਸਾਹਿਬੇ ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਸਾ ਨਦੀ ਤੇ ਪਏ ਪਰਿਵਾਰ ਦੇ ਵਿਛੋੜੇ ਦੇ ਦਰਦ ਨੂੰ ਬਿਆਨ ਕਰਦਾ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਗੀਤ ਉ ਪਰਿਵਾਰ ਵਿਛੋੜਾ " ਲੈ ਕੇ ਸੰਗਤਾਂ ਦੀ ਕਚਹਿਰੀ ਚ ਹਾਜਰ ਹੋਇਆ ਹੈ ਜੋ ਵੱਖ-ਵੱਖ ਚੈਨਲਾਂ ਦੇ ਨਾਲ ਨਾਲ ਸੋਸ਼ਲ ਸਾਇਟਾਂ ਯੂ-ਟਿਊਬ,ਵੱਟਸਐਪ,ਅਤੇ ਫੇਸਬੁੱਕ ਆਦਿ ਤੇ ਖੂਬ ਸਲਾਹਿਆ ਜਾ ਰਿਹਾ ਹੈ ਅਤੇ ਜਿਸਨੂੰ ਸਿੱਖ ਸੰਗਤਾਂ ਦਾ ਭਰਭੂਰ ਪਿਆਰ ਹਾਸਲ ਹੋ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਾਇਕ ਸੁਰਜੀਤ ਮਾਹੀ ਨੇ ਦੱਸਿਆ ਕਿ ਟੀ-ਸੀਰੀਜ਼ ਕੰਪਨੀ ਵਲੋਂ ਰੀਲੀਜ਼ ਮਿੰਟੂ ਉਬਰਾਏ ਦੀ ਪੇਸ਼ਕਸ਼ ਇਸ ਧਾਰਮਿਕ ਗੀਤ ਨੂੰ ਅਮ੍ਰਿਤ ਹਰੀ ਨੇ ਬਹੁੱਤ ਹੀ ਸੁੱਚਜੇ ਢੰਗ ਨਾਲ ਸੰਗੀਤਬੱਧ ਕੀਤਾ ਹੈ ਅਤੇ ਲੇਖਕ ਗੁਰਮੇਲ ਦੁੱਗਰੀ ਦੀ ਕਲਮ ਨਾਲ ਉਕਰੇ ਇਸ ਧਾਰਮਿਕ ਗੀਤ ਦਾ ਫਿਲਮਾਂਕਣ ਗੱਗੀ ਸਿੰਘ ਵੱਲੋਂ ਗੁਰੂ ਸਾਹਿਬ ਜੀ ਨਾਲ ਸਬੰਧਤ ਧਾਰਮਿਕ ਅਸਥਾਨਾਂ ਤੇ ਤਿਆਰ ਕੀਤਾ ਗਿਆ ਹੈ।ਸਰਜੀਤ ਮਾਹੀ ਨੇ ਇਸ ਧਾਰਮਿਕ ਗੀਤ ਲਈ ਉਹਨਾਂ ਦਾ ਭਰਭੂਰ ਸਹਿਯੋਗ ਦੇਣ ਲਈ ਸੁਖਵਿੰਦਰ ਸਿੰਘ ਸੁੱਖਾ ਅਤੇ ਸ਼ੰਮਾ ਜੀ ਸਣੇ ਆਪਣੀ ਸਮੁੱਚੀ ਟੀਮ ਅਤੇ ਸੰਗਤਾਂ ਦਾ ਵਿਸੇਸ਼ ਤੌਰ ਤੇ ਧੰਨਵਾਦ ਕੀਤਾ।




## ਚੰਦਨ ਨੇਗੀ ਅਤੇ ਡਾ. ਬਲਦੇਵ ਸਿੰਘ ਬੱਦਨ 'ਕੇਵਲ ਵਿੱਗ ਐਵਾਰਡ-2017' ਨਾਲ ਸਨਮਾਨਿਤ

**ਅਲਾਵਲਪੁਰ (ਬਿਊਰੋ)-** ਪ੍ਰਮੁੱਖ ਪੱਤਰਕਾਰ, ਸਾਹਿਤ ਪ੍ਰੇਮੀ ਅਤੇ 'ਜਨਤਾ ਸੰਸਾਰ' ਮੈਗਜ਼ੀਨ ਦੇ ਫਾਊਂਡਰ ਸੰਪਾਦਕ ਸਵਰਗੀ ਸ੍ਰੀ ਕੇਵਲ ਵਿੱਗ ਦੀ ਯਾਦ ਵਿਚ ਸਥਾਪਤ 'ਕੇਵਲ ਵਿੱਗ ਐਵਾਰਡ 2017' ਦਾ ਮੁੱਖ ਸਮਾਗਮ ਕੇ. ਐਲ. ਸਹਿਗਲ ਮੈਮੋਰੀਅਲ ਹਾਲ ਜਲੰਧਰ ਵਿਖੇ ਆਯੋਜਿਤ ਹੋਇਆ। ਸਮਾਗਮ ਦਾ ਆਰੰਭ ਸ਼ਮ੍ਹਾ ਰੌਸ਼ਨ ਕਰਕੇ ਹੋਇਆ, ਉਪਰੰਤ ਪ੍ਰਮੁੱਖ ਗਾਇਕਾਂ ਨੇ ਸਾਹਿਤਕ ਅੰਦਾਜ਼ ਵਿਚ ਸਮਾਂ ਬੰਨ੍ਹਿਆ। ਕੇਵਲ ਵਿੱਗ ਫਾਊਂਡੇਸ਼ਨ ਵੱਲੋਂ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਮੁਖੀ ਜਤਿੰਦਰ ਮੋਹਨ ਵਿੱਗ ਨੇ ਦੱਸਿਆ ਕਿ ਸ੍ਰੀਮਤੀ ਚੰਦਨ ਨੇਗੀ ਨੂੰ ਬਤੌਰ ਸਰਵੋਤਮ ਨਾਵਲਕਾਰ ਇਹ ਸਨਮਾਨ ਪ੍ਰਦਾਨ ਕੀਤਾ ਗਿਆ।

ਸ੍ਰੀਮਤੀ ਨੇਗੀ ਸਮਕਾਲੀ ਪੰਜਾਬੀ ਨਾਵਲਕਾਰਾਂ ਵਿਚੋਂ ਪ੍ਰਮੁੱਖ ਨਾਵਲਕਾਰ ਹਨ, ਜਿਹਨਾਂ ਨੇ ਆਪਣੇ ਗਿਆਨ, ਵਿਦਵਤਾ, ਚਿੰਤਨ ਅਤੇ ਆਪਣੇ ਅੰਦਰਲੇ ਜਜ਼ਬਿਆਂ ਅਤੇ ਅਨੁਭਵਾਂ ਨੂੰ ਆਪਣੇ ਨਾਵਲਾਂ ਰਾਹੀਂ ਬਾਖ਼ੂਬੀ ਪ੍ਰਗਟਾਇਆ ਹੈ। ਪ੍ਰਸਿੱਧ ਲੇਖਕ ਡਾ. ਬਲਦੇਵ ਸਿੰਘ ਬੱਦਨ ਨੇ ਲੰਮਾ ਸਮਾਂ ਨੈਸ਼ਨਲ ਬੁੱਕ ਟਰੱਸਟ, ਦਿੱਲੀ ਵਿਖੇ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਤੇ ਪੰਜਾਬ ਵਿਚ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ, ਉਹਨਾਂ ਦੀਆਂ ਬਤੌਰ ਲੇਖਕ ਵੀ ਪ੍ਰਾਪਤੀਆਂ ਦੀ ਲਿਸਟ ਲੰਮੀ ਹੈ ਤੇ ਹੁਣ ਤੱਕ 200 ਕਿਤਾਬਾਂ ਪਾਠਕਾਂ ਨੂੰ ਪ੍ਰਦਾਨ ਕਰ ਚੁੱਕੇ ਹਨ। ਡਾ. ਬੱਦਨ ਨੂੰ ਉਹਨਾਂ ਦੀਆਂ ਸਾਹਿਤਕ ਘਾਲਣਾਵਾਂ ਕਰਕੇ ਬਤੌਰ ਸਰਵੋਤਮ ਲੇਖਕ ਐਵਾਰਡ ਪ੍ਰਦਾਨ ਕੀਤਾ ਗਿਆ। ਸਮਾਗਮ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਆਈ. ਜੀ. ਪੁਲਿਸ ਤੇ ਪ੍ਰਮੁੱਖ ਲਿਖਾਰੀ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ, ਸਤਿਕਾਰਿਤ ਮਹਿਮਾਨਾਂ ਵਿਚ ਸ੍ਰੀਮਤੀ ਇੰਦੂ ਵਰਮਾ, ਮੁਖੀ ਦੂਰਦਰਸ਼ਨ ਕੇਂਦਰ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ, ਅਹਿਮਦੀਆ ਮੁਸਲਿਮ ਜਮਾਤ ਦੇ ਤਨਵੀਰ ਅਹਿਮਦ ਖਾਦਿਮ, ਪ੍ਰਮੁੱਖ ਆਗੂ ਵਿਜੇ ਹੰਸ, ਸ਼ਿਵਕੰਵਰ ਸਿੰਘ ਸੰਧੂ ਤ ਹੋਰ ਪਤਵੰਤੇ ਹਾਜ਼ਰ ਸਨ। ਜਦਕਿ ਸਮਾਗਮ ਦੀ ਪ੍ਰਧਾਨਗੀ ਪੰਜਾਬ ਪੁਲਿਸ ਦੇ ਸਾਬਕਾ ਡੀ. ਜੀ. ਪੀ. ਡਾ. ਚੰਦਰ ਸ਼ੇਖਰ ਨੇ ਕੀਤੀ। ਮੰਚ ਸੰਚਾਲ ਸਾਹਿਤਕ ਅੰਦਾਜ਼ ਵਿਚ ਗਗਨਦੀਪ ਸੌਂਧੀ ਅਤੇ ਸੰਗਤ ਰਾਮ ਨੇ ਬਾਖ਼ੂਬੀ ਕੀਤਾ। ਇਸ ਮੌਕੇ 'ਤੇ ਸ਼ਹਿਰ ਦੇ ਪਤਵੰਤੇ, ਲਿਖਾਰੀ, ਸ਼ਾਇਰ ਤੇ ਬੁੱਧੀਜੀਵੀ ਭਾਰੀ ਗਿਣਤੀ ਵਿਚ ਹਾਜ਼ਰ ਸਨ। ਦੱਸਣਯੋਗ ਹੈ ਕਿ ਕੇਵਲ ਵਿੱਗ ਐਵਾਰਡ ਨੇ ਸਾਹਿਤਕ ਜਗਤ ਵਿਚ ਆਪਣਾ ਉਚਾ ਮੁਕਾਮ ਬਣਾਇਆ ਹੋਇਆ ਹੈ ਤੇ ਹੁਣ ਤੱਕ 55 ਪ੍ਰਮੁੱਖ ਲਿਖਾਰੀਆਂ ਨੂੰ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਸਮਾਗਮ ਸਮੇਂ ਦਵਿੰਦਰ ਦਿਆਲਪੁਰੀ, ਲਾਲੀ ਕਰਤਾਰਪੁਰੀ, ਕਾਸਿਰ ਕਰਤਾਰਪੁਰੀ, ਰਘਵੀਰ ਲਾਲ ਸਮਾਜ ਸੇਵਕ, ਪ੍ਰਸ਼ੋਤਮ ਲਾਲ ਸਰੋਏ ਪੱਤਰਕਾਰ, ਡੀ. ਆਰ. ਬੰਦਨਾ, ਮੋਹਣ ਲਾਲ ਫਿਲੌਰੀਆ ਕਹਾਣੀਕਾਰ, ਮਹਿਰ ਮਲਕ ਲੇਖਕ, ਸੁਨੀਲਾ, ਆਰ. ਸੀਹਮਾਰ ਖੋਜੀ ਲੇਖਕ, ਚਰਨ ਸੀਚੇਵਾਲ, ਬਲਵੀਰ ਅਹੀਅਪੁਰ, ਗਜ਼ਲ ਗਾਇਕ ਗੁਲਸ਼ਨ, ਸੁਰਿੰਦਰ ਸਾਗਰ ਗਾਇਕ ਆਦਿ ਹਾਜ਼ਰ ਸਨ।

*****

## ਜ਼ਮਾਨਾ

"ਦੇਖ ਤਾਂ ਸਹੀ ! ਕਿਵੇ ਉੱਚੀ ਜਿਹੀ ਕਮੀਜ਼ ਪਾਈ ਹੈ ਤੇ ਚੁੰਨੀ ਵੀ ਕਿੱਦਾ ਗਲ ਵਿਚ ਪਾਈ ਏ ।" ਭੈੜਾ ਜਿਹਾ ਵਿਅੰਗ ਕਸਦੀ ਹੋਈ ਅਮਰੋ ਬਸ ਵਿੱਚੋ ਉੱਤਰਦੀ ਇਕ ਕੁੜੀ ਬਾਰੇ ਆਪਣੇ ਨਾਲ ਦੀ ਨੂੰ ਆਖਦੀ ਹੈ ।

ਪਰ ਉਸ ਤੋਂ ਬਾਅਦ ਜਦੋਂ ਉਸਦੀ ਆਪਣੀ ਕੁੜੀ ਜਿਸਦੇ ਕਿ ਉੱਚਾ ਜਿਹਾ ਟੋਪ ਅਤੇ ਟਾਇਟ ਜਿਹੀ ਜੀਨ ਪਾਈ ਹੋਈ ਸੀ। ਤਾਂ ਫਿਰ ਅਮਰੋ ਝੂਠੀ ਜਿਹੀ ਹੋ ਕੇ ਆਖਣ ਲੱਗੀ "ਅੱਜ ਕੱਲ੍ਹ ਤਾਂ ਭੈਣ ਜ਼ਮਾਨੇ ਨਾਲ ਹੀ ਚਲਣਾ ਪੈਂਦਾ ਹੈ।"

-ਕਿਰਨਪ੍ਰੀਤ ਕੌਰ (0068864013133)

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

**DHANDHAN SRI GURU RAVIDASS JI**



**Bole' So Nirbhay! Guru Ravidass Maharaj Ki Jai!**

## Guru Piari Sadh Sangat Ji

**Devoted families are requesting entire Sangat to attend the following functions:**

**January 7, 2018 Sukhmani Sahib and Langar Sewa from Gurughar**

**January 13, 2018 LOHRI Celebration**

Lohri will be celebrated in the Gurughar at 6:00 PM on Saturday, January 13, 2018.Sukhmani Sahib Path and Langar Sewa will be hosted by Bhai Ramesh Suman and Family with the help and cooperation of Sangat. Sangat is requested to come with their families and friends. This is the 6th year we are celebrating Lohri in Gurughar. Parents of newborn children are specially requested to come and celebrate first Lohri of their new born children in the Gurughar.

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408) 460 0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

**January 14, 2018 Sukhmani Sahib Path and Langar Sewa from Gurughar**

***

**January 21, 2018 Sukhmani Sahib Path and Langar Sewa from Gurughar**

***

**January 26, 27 & 28, 2018 ---- Barsi Late Commissioner Lahori Ram ji**

Dedicated Ram family will be doing Shri Akhand path Sahib and langar sewa in sweet memory of Late commissioner Lahori Ram. He was a community leader and one of the founding members of the Gurughar. He served numerous times on the Gurughar committees . Shri Akhand Path will begin on January 26, 2018 and conclude on Sunday January 28, 2018. Family is requesting everyone to come and join them in the ARDAS. May Waheguru keep Ram family in CHARDI KALA.

**February 2-3-4, 2018 Gurupurb Sri Guru Ravidass Ji**

Sri Guru Ravidass Sabha CA, Pittsburg is celebrating the 641th Parkash Utasav of SATGURU RAVIDASS JI on Sunday, February 4, 2018 at the temple as per program noted below:

**ARAMBH SHRI AKHAND PATH February 2, 2018 (FRIDAY) 9:30 AM**
**BHOG SHRI AKHAND PATH February 4, 2018 (SUNDAY) 9:30 AM**
**KIRTAN DIWAN After Bhog Ceremony until 2:00 PM**

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

**Nishan Sahib Hoisting Ceremony will be held on February 3rd 2018 (Saturday)**

Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer dedicated his whole life for the welfare of the humanity. Guru Ji preached social harmony and stood against caste discrimination.

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408)460 0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

**"NANAK NAM CHARDI KALA TERE BHANE SARBAT DA BHALA"**

**Sangat Sewadars**

| Chairman | President | General Secretary | Treasurer |
|---|---|---|---|
| Ramesh Suman | Kashmiri Bhatia | Dilbag Singh | Vinod Kumar |

# 2017 ਸਾਧਾਂ ਲਈ ਭਾਰੂ ਰਿਹਾ! ਪੰਜ ਸਾਧ ਕਨੂੰਨ ਦੇ ਅੜਿਕੇ ਚੜ੍ਹੇ!



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-334-5776

ਆਪਣੇ ਨਾਂ ਨਾਲ ਸੰਤ ਲਗਾ ਕੇ ਭਗਵਾ ਚੋਲਾ ਪਾ ਕੇ ਭੋਲੇ ਭਾਲੇ ਲੋਕਾਂ ਨੂੰ ਬੁੱਧੂ ਬਣਾਉਣ ਵਾਲੇ ਕਈ ਢੌਂਗੀ ਬਾਬੇ ਇਸ ਸਾਲ ਕਾਨੂੰਨ ਦੇ ਅੜਿੱਕੇ ਚੜ੍ਹੇ। ਇਨ੍ਹਾਂ ਵਿੱਚੋਂ ਖ਼ਾਸ ਕਰਕੇ 5 ਵੱਡੇ ਬਾਬੇ ਕਾਫ਼ੀ ਚਰਚਾ ਵਿੱਚ ਰਹੇ, ਇਹਨਾਂ ਬਾਬਿਆਂ ਨੇ ਸ਼ਰਧਾਲੂਆਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਅਤੇ ਉਨ੍ਹਾਂ ਦੀ ਹੀ ਮਾਇਆ 'ਤੇ ਐਸ਼ ਵੀ ਕਰਦੇ ਰਹੇ। ਸ਼ਰਧਾਲੂਆਂ ਨੂੰ ਦੋਵਾਂ ਹੱਥਾਂ ਨਾਲ ਲੁੱਟਣ ਵਾਲੇ ਅਖੌਤੀ ਬਾਬੇ ਸਿਆਸੀ ਛਾਂ ਹੇਠ ਪਲਦੇ ਰਹੇ ਅਤੇ ਬਚਦੇ ਵੀ ਰਹੇ। ਪਰ ਸਾਲ 2017 ਕਈ ਢੌਂਗੀ ਸੰਤਾਂ ਦੇ ਅਸਲੀ ਚਿਹਰੇ ਲੋਕਾਂ ਸਾਹਮਣੇ ਲਿਆਉਣ 'ਚ ਕਾਮਯਾਬ ਰਿਹਾ। ਯੌਨ-ਸ਼ੋਸ਼ਣ ਦਾ ਸ਼ਿਕਾਰ ਪੀੜਤ ਮਹਿਲਾਵਾਂ ਦੀ ਹਿੰਮਤ, ਪੁਲਸ ਦੀ ਦਲੇਰੀ ਅਤੇ ਮੀਡੀਆ ਦੀ ਚੌਕਸੀ ਦੇ ਕਾਰਨ ਹੀ ਅੱਜ ਕਈ ਦੋਸ਼ੀ ਬਾਬੇ ਜੇਲ ਪਹੁੰਚ ਚੁੱਕੇ ਹਨ। ਆਓ ਜਾਣਦੇ ਹਾਂ ਇਨ੍ਹਾਂ ਦੋਸ਼ੀ ਬਾਬਿਆਂ ਬਾਰੇ।

ਬਾਬਾ ਰਾਮ ਰਹੀਮ ਨੇ ਦੇਸ਼-ਵਿਦੇਸ਼ ਅਨੇਕਾਂ ਡੇਰੇ ਬਣਾਏ ਹੋਏ ਸਨ ਅਤੇ ਆਸਥਾ ਦੇ ਨਾ ਤੇ ਲੋਕਾਂ ਨੂੰ ਲੁੱਟ ਰਿਹਾ ਸੀ। ਪਹਿਲਾਂ ਤਾਂ ਰਾਮ ਰਹੀਮ ਨੇ ਜ਼ਬਰਦਸਤੀ ਭੋਲੇ-ਭਾਲੇ ਇਲਾਕਾ ਵਾਸੀਆਂ ਤੋਂ ਧਰਮ ਦੇ ਨਾਂ 'ਤੇ ਜ਼ਮੀਨਾਂ ਦਾਨ ਕਰਵਾਈਆਂ। ਉਹ ਜ਼ਮੀਨਾਂ ਟਰੱਸਟ ਦੇ ਨਾਂ 'ਤੇ ਕਰਵਾ ਕੇ ਬਾਅਦ 'ਚ ਉਹ ਜ਼ਮੀਨਾਂ ਆਪਣੇ ਨਾਂ 'ਤੇ ਟਰਾਂਸਫਰ ਕਰਵਾਈਆ। ਜਿਹੜੇ ਲੋਕ ਆਪਣੀਆਂ ਜ਼ਮੀਨਾਂ ਅਸਾਨੀ ਨਾਲ ਦਾਨ ਕਰ ਦਿੰਦੇ ਸਨ ਫਿਰ ਉਨ੍ਹਾਂ ਦੇ ਪੈਸੇ 'ਤੇ ਨਜ਼ਰ ਰੱਖੀ ਜਾਂਦੀ ਸੀ ਅਤੇ ਜਿਹੜੇ ਜ਼ਮੀਨਾਂ ਦਾਨ ਨਹੀਂ ਕਰਦੇ ਸਨ ਉਨ੍ਹਾਂ ਨੂੰ ਰਾਤੋ-ਰਾਤ ਗਾਇਬ ਕਰ ਦਿੱਤਾ ਜਾਂਦਾ ਸੀ। ਪੈਸੇ ਵਾਲੇ ਸਮਰਥਕਾਂ ਤੋਂ ਜ਼ਬਰਦਸਤੀ ਮਾਇਆ ਦਾਨ ਕਰਵਾਈ ਜਾਂਦੀ ਸੀ। ਰਾਮ ਰਹੀਮ ਨੇ ਡੇਰੇ ਅੰਦਰ ਆਪਣੀ ਕਰੰਸੀ ਚਲਾਈ, ਆਪਣੀਆਂ ਕਲੋਨੀਆਂ ਬਣਾਈਆਂ, ਆਪਣਾ ਸ਼ਹਿਰ ਤੱਕ ਬਣਾਇਆ। ਆਪਣੇ ਡੇਰੇ 'ਚ ਰਾਮ ਰਹੀਮ ਨੇ ਸਕੂਲ, ਕਾਲਜ, ਡਿਜ਼ਨੀ ਲੈਂਡ, ਐਲਫਿਨ ਟਾਵਰ, ਜਹਾਜ, ਹੋਟਲ, ਰਿਜ਼ਾਰਟ,ਕਾਰਖਾਨੇ, ਫਿਲਮ ਇੰਡਸਟਰੀ, ਹੋਸਟਲ, ਫੈਕਟਰੀਆਂ, ਸਿਨੇਮਾ ਘਰ ਬਣਾਏ ਹੋਏ ਸਨ। ਰਾਮ ਰਹੀਮ ਦੀ ਖੁਦ ਦੀ ਤਿਆਰ ਕੀਤੀ ਸਾਰੀ ਫਿਲਮੀ ਟੀਮ ਕੁਝ ਹੀ ਦਿਨ੍ਹਾਂ 'ਚ ਫਿਲਮ ਤਿਆਰ ਕਰ ਲੈਂਦੀ ਸੀ। ਆਪਣੇ ਡੇਰੇ 'ਚ ਰਾਮ ਰਹੀਮ ਨੇ ਗੁਫਾ ਬਣਾਈ ਹੋਈ ਸੀ। ਇਸ ਗੁਫਾ 'ਚ ਹੀ ਰਾਮ ਰਹੀਮ ਕੁੜੀਆਂ ਨਾਲ ਗੰਦਾ ਕੰਮ ਕਰਦਾ ਸੀ। ਆਪਣੇ ਹੋਟਲ ਨੂੰ ਰਾਮ ਰਹੀਮ ਕਿਰਾਏ 'ਤੇ ਦਿੰਦਾ ਸੀ ਜਿਸ ਦਾ ਕਿਰਾਇਆ 25 ਲੱਖ ਤੱਕ ਹੁੰਦਾ ਸੀ। ਮਹਿੰਗੀ ਤੋਂ ਮਹਿੰਗੀ ਕਾਰ, ਵਧੀਆ ਤੋਂ ਵਧੀਆ ਕੱਪੜਾ, ਦੇਸ਼-ਵਿਦੇਸ਼ ਦੇ ਕਈ ਸ਼ਹਿਰਾਂ 'ਚ ਘਰ ਅਤੇ ਫਲੈਟ, ਕਰੋੜਾਂ ਦੀ ਜਾਇਦਾਦ ਦਾ ਰਾਮ ਰਹੀਮ ਹੀ ਮਾਲਕ ਸੀ। ਰਾਮ ਰਹੀਮ ਡੇਰਾ ਪ੍ਰੇਮੀਆਂ ਨੂੰ ਵਿਆਜ 'ਤੇ ਪੈਸਾ ਦਿੰਦਾ ਸੀ। ਰਾਮ ਰਹੀਮ ਡੇਰੇ 'ਚ ਨਸ਼ੇ ਵਾਲਾ ਪ੍ਰਸ਼ਾਦ ਵਰਤਾਉਂਦਾ ਸੀ। ਇਸ ਨਸ਼ੇ 'ਚ ਹੀ ਮਸਤ ਹੋ ਕੇ ਡੇਰਾ ਪ੍ਰੇਮੀ ਰਾਮ ਰਹੀਮ ਦੇ ਸਤਸੰਗ ਸਮੇਂ ਝੂਮਦੇ ਸਨ। ਰਾਮ ਰਹੀਮ ਦੇ ਖਿਲਾਫ ਬੋਲਣ ਵਾਲੇ ਨੂੰ ਮਾਰ ਦਿੱਤਾ ਜਾਂਦਾ ਸੀ। ਰਾਮ ਰਹੀਮ 'ਤੇ 2 ਕਤਲ ਕੇਸ ਵੀ ਚਲ ਰਹੇ ਹਨ ਜਿਨ੍ਹਾਂ ਦਾ ਫੈਸਲਾ ਆਉਣਾ ਅਜੇ ਬਾਕੀ ਹੈ। ਇਸ ਤੋਂ ਇਲਾਵਾ ਪੰਚਕੂਲਾ ਹਿੰਸਾ ਦਾ ਵੀ ਕੇਸ ਰਾਮ ਰਹੀਮ 'ਤੇ ਚਲ ਸਕਦਾ ਹੈ। ਸੂਤਰਾਂ ਅਨੁਸਾਰ ਪਤਾ ਨਹੀਂ ਕਿੰਨੇ ਲੋਕਾਂ ਦੀਆਂ ਲਾਸ਼ਾਂ ਰਾਮ ਰਹੀਮ ਦੇ ਡੇਰੇ 'ਚ ਦੱਬੀਆਂ ਹੋਈਆਂ ਹਨ। ਰਾਮ ਰਹੀਮ ਦੇ ਡੇਰੇ 'ਚ ਗਏ ਕਈ ਲੋਕ ਅਜੇ ਤੱਕ ਆਪਣੇ ਘਰਾਂ 'ਚ ਵਾਪਸ ਨਹੀਂ ਪਰਤੇ। ਪਰਿਵਾਰ ਵਾਲੇ ਅੱਜ ਵੀ ਭਿੱਜੀਆਂ ਅੱਖਾਂ ਨਾਲ ਉਨ੍ਹਾਂ ਦੇ ਵਾਪਸ ਆਉਣ ਦੀ ਆਸ ਲਗਾਈ ਬੈਠੇ ਹਨ। ਰਾਮ ਰਹੀਮ ਦੇ ਇਨ੍ਹਾਂ ਸਾਰੇ ਦੋਸ਼ਾਂ 'ਚ ਹਨੀਪ੍ਰੀਤ ਵੀ ਬਰਾਬਰ ਦੀ ਕਸੂਰਵਾਰ ਹੈ।

ਇਸੇ ਤਰਾਂ ਨਵੀਂ ਦਿੱਲੀ ਰੋਹਿਣੀ ਇਲਾਕੇ ਵਿਚ 'ਆਧਿਆਤਮਕ ਵਿਸ਼ਵ ਵਿਦਿਆਲਿਆ ਜਿਹੜੀ ਸਾਧ ਵੀਰੇਂਦਰ ਦੇਵ ਦਿਕਸ਼ਿਤ ਦੀ ਦੇਖ ਰੇਖ ਹੇਠ ਚੱਲਦੀ ਸੀ 'ਚ ਪੁਲਸ ਨੇ ਸੈਕਸ ਰੈਕਟ ਦਾ ਪਰਦਾਫਾਸ਼ ਕੀਤਾ ਹੈ। ਤੀਸਰੇ ਦਿਨ ਦੀ ਛਾਪੇਮਾਰੀ ਤੋਂ ਬਾਅਦ ਪੁਲਸ ਨੇ 100 ਤੋਂ ਵਧ ਬੰਧਕ ਮਹਿਲਾਵਾਂ ਨੂੰ ਆਜ਼ਾਦ ਕਰਵਾਇਆ। ਇਸ ਆਸ਼ਰਮ 'ਚ ਅਜੇ ਵੀ 100 ਤੋਂ ਵਧ ਮਹਿਲਾਵਾਂ ਹਨ ਜਿਨ੍ਹਾਂ ਨੇ ਬਾਹਰ ਆਉਣ ਤੋਂ ਮਨ੍ਹਾ ਕਰ ਦਿੱਤਾ ਜਦਕਿ ਵੀਰੇਂਦਰ ਦੇਵ ਦਿਕਸ਼ਿਤ ਅਜੇ ਤੱਕ ਫਰਾਰ ਹੈ। ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਇਥੇ ਔਰਤਾਂ ਦਾ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਹੁੰਦਾ ਹੈ। ਇਥੇ ਛਾਪੇਮਾਰੀ ਦੌਰਾਨ ਕਈ ਇਤਰਾਜ਼ਯੋਗ ਵਸਤੂਆਂ ਬਰਾਮਦ ਕੀਤੀਆਂ ਗਈਆਂ ਹਨ।

ਤੁਹਾਨੂੰ ਸੁਆਮੀ ਨਿਤਿਆਨੰਦ ਯਾਦ ਹੋਵੇਗਾ ਜਿਹੜਾ ਧਿਆਨਦੀਪਮ ਨਾਂ ਦਾ ਆਸ਼ਰਮ ਚਲਾਉਂਦਾ ਹੈ। 2010 'ਚ ਨਿਤਿਆਨੰਦ ਦੀ ਸੈਕਸ ਸੀ.ਡੀ. ਵਾਇਰਲ ਹੋਣ ਕਾਰਨ ਵਿਵਾਦ 'ਚ ਆਇਆ ਸੀ। ਇਸ ਸੀ.ਡੀ. 'ਚ ਨਿਤਿਆਨੰਦ ਸਵਾਮੀ ਇਕ ਅਦਾਕਾਰਾ ਨਾਲ ਸਰੀਰਕ ਸੰਬੰਧ ਬਣਾਉਂਦਾ ਦਿ-ਖਾਈ ਦੇ ਰਿਹੀ ਸੀ। ਭਾਰਤ ਵਿਚ ਸੀ.ਡੀ. ਦੀ ਜਾਂਚ ਹੋਈ ਤਾਂ ਇਸ ਨੂੰ ਸਹੀ ਦੱਸਿਆ ਅਤੇ ਅਮਰੀਕਾ 'ਚ ਸੀ.ਡੀ. ਦੀ ਜਾਂਚ ਕਰਵਾਉਣ 'ਤੇ ਉਸ ਨਾਲ ਛੇੜਛਾੜ ਹੋਣ ਦਾ ਦਾਅਵਾ ਕੀਤਾ ਗਿਆ। ਇਸ ਸਮੇਂ ਨਿਤਿਆਨੰਦ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਹੈ।

ਫੇਰ ਬਾਬਾ ਰਾਮ ਸ਼ੰਕਰ ਤਿਵਾਰੀ ਉਰਫ ਸਵਾਮੀ ਪਰਮਾਨੰਦ ਨੂੰ ਯੂ.ਪੀ. ਪੁਲਸ ਨੇ ਯੌਨ-ਸ਼ੋਸ਼ਣ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਸੀ। ਉਨ੍ਹਾਂ 'ਤੇ ਔਲਾਦ ਲੈਣ ਲਈ ਆਈਆਂ ਔਰਤਾਂ ਨਾਲ ਯੌਨ-ਸ਼ੋਸ਼ਣ ਕਰਨ ਦਾ ਦੋਸ਼ ਹੈ। ਸਵਾਮੀ ਪਰਮਾਨੰਦ ਦਾ ਇਕ ਵੀਡੀਓ ਵੀ ਵਾਇਰਲ ਹੋਇਆ ਸੀ ਜਿਸ 'ਚ ਉਹ ਇਕ ਮਹਿਲਾ ਨਾਲ ਇਤਰਾਜ਼ਯੋਗ ਹਾਲਤ 'ਚ ਦਿਖਾਈ ਦੇ ਰਿਹਾ ਸੀ।

ਸੂਤਰਾਂ ਅਨੁਸਾਰ ਸਵਾਮੀ ਪਰਮਾਨੰਦ ਦੇ ਕਮਰੇ 'ਚੋਂ ਅਸ਼ਲੀਲ ਕਿਤਾਬਾਂ ਮਿਲਣ ਦੀ ਗੱਲ ਸਾਹਮਣੇ ਆਈ। ਓਹਦੇ ਕਮਰੇ 'ਚੋਂ ਤਾਕਤ ਦੀਆਂ ਦਵਾਈਆਂ ਅਤੇ ਕੰਡੋਮ ਮਿਲਣ ਦੀ ਗੱਲ ਵੀ ਸਾਹਮਣੇ ਆਈ ਸੀ। ਇਹਦੇ ਆਸ਼ਰਮ 'ਚ ਮੌਜੂਦ ਦੁਕਾਨ 'ਤੇ ਵੀ ਕੰਡੋਮ ਅਤੇ ਪੈਡ ਮਿਲਦੇ ਹਨ।

ਇਸੇ ਤਰਜ਼ ਤੇ ਉੱਤਰ-ਪ੍ਰਦੇਸ਼ ਦੀ ਬਸਤੀ ਦੇ ਸੰਤ ਕੁਟੀਰ ਆਸ਼ਰਮ ਦੇ 4 ਮਹੰਤਾਂ ਸਵਾਮੀ ਸੱਚਦਾਨੰਦ, ਪਰਮ ਚੇਤਨਾਨੰਦ, ਵਿਸ਼ਵਾਸਾਨੰਦ ਅਤੇ ਗਿਆਨ ਵੈਰਾਗਿਆਨੰਦ ਵਲੋਂ 4 ਸਾਧਵੀਆਂ ਨੂੰ ਕਾਬੂ ਕਰਕੇ ਉਨ੍ਹਾਂ ਨਾਲ ਕੁੱਟਮਾਰ ਅਤੇ ਸਮੂਹਿਕ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਮਹਿਲਾਵਾਂ ਅਨੁਸਾਰ ਵਿਰੋਧ ਕਰਨ ਵਾਲੀਆਂ ਲੜਕੀਆਂ ਨੂੰ ਰੱਸੀਆਂ ਨਾਲ ਬੰਨ੍ਹ ਕੇ ਤਸ਼ੱਦਦਾਂ ਦਿੱਤੀਆਂ ਜਾਂਦੀਆਂ ਸਨ।

ਚਲੋ ਇਹ ਪੰਜ ਤਾਂ ਕੁਝ ਕੁ ਪੀੜਤ ਕੁੜੀਆਂ ਦੀ ਦਲੇਰੀ ਜਾਂ ਕਨੂੰਨ ਦੇ ਸਿਕੰਜੇ ਕਰਕੇ ਸਲਾਖਾਂ ਪਿਛੇ ਚਲੇ ਗਏ ਹਾਲੇ ਹੋਰ ਪਤਾ ਨਹੀਂ ਕਿੰਨੇ ਕੁ ਪਖੰਡੀ ਸਾਧ ਲੋਕਾਂ ਦੀਆਂ ਇੱਜਤਾ ਨਾਲ ਖਿਲਵਾੜ ਕਰ ਰਹੇ ਹਨ।

ਸਾਡੇ ਸਿੱਖ ਧਰਮ ਵਿੱਚ ਵੀ ਵੱਖੋ ਵੱਖ ਡੇਰਿਆਂ ਤੇ ਜਾਂ ਕਈ ਧਾਰਮਿਕ ਸਥਾਨਾਂ ਤੇ ਬਹੁਤ ਸਾਰੇ ਸਾਂਨ (ਸਾਧ) ਕਾਬਜ ਨੇ ਜੋ ਇੱਥੇ ਆਪਣੀ ਸਲਤਨਤ ਕਾਇਮ ਕਰਕੇ ਕੁਕਰਮ ਕਰ ਰਹੇ ਹਨ। ਇਕ ਪਟਿਆਲੇ ਵੱਲ ਦੇ ਸਾਧ ਦੇ ਕਿੱਸੇ ਤੁਸੀਂ ਸਾਰੇ ਸੁਣ ਚੁੱਕੇ ਹੋ ਇੱਕ ਜਲੰਧਰ ਦੇ ਡਾਕਟਰ ਦੀਆਂ ਅੱਖਾਂ 'ਚ ਤੇਜ਼ਬ ਪਾਕੇ ਉਹਨੂੰ ਇਹਨੇ ਅੰਨਾ ਕਰ ਦਿੱਤਾ ਸੀ। ਪਰ ਇਹ ਸਾਧ ਠਾਣੇ ਕਚਿਹਰੀਆਂ ਆਪਣੀਆਂ ਜੇਬਾਂ 'ਚ ਪਾਕੇ ਘੁੰਮਦਾ ਹੈ। ਆਸ ਕਰਦੇ ਹਾਂ ਕਿ ਇੱਕ ਦਿਨ ਲੋਕਾਂ ਦੀ ਜਾਗ ਖੁਲੇਗੀ ਤੇ ਪੰਜਾਬ ਅੰਦਰ ਵੀ ਪਖੰਡੀ ਪਾਪੀ ਸਾਧ ਕਨੂੰਨ ਦੇ ਡੰਡੇ ਥੱਲੇ ਆਉਣਗੇ। ਰੱਬ ਰਾਖਾ







# ਸਾਲ 2017 ਪੰਜਾਬ ਦੀ ਸੜਕਾਂ ਨੂੰ ਕਤਲਗਾਹ ਦਰਸਾਉਂਦਾ ਤੁਰ ਗਿਆ!

**ਪੱਤਰਕਾਰ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"**

ਸਾਲ 2017 ਲੰਘ ਗਿਆ ਅਤੇ ਨਵੇਂ ਸਾਲ 2018 ਦੀ ਸ਼ੁਰੂਆਤ ਹੋ ਚੁੱਕੀ ਹੈ। ਸਾਲ 2017 ਕਈਆਂ ਲਈ ਖੁਸ਼ੀਆਂ ਭਰਿਆ ਰਿਹਾ ਅਤੇ ਕਈਆਂ ਲਈ ਬੁਰਾ ਰਿਹਾ। 2017 ਬਹੁਤ ਸਾਰੀਆਂ ਖੱਟੀਆਂ ਮਿੱਠੀਆਂ ਯਾਦਾਂ ਛੱਡ ਗਿਆ। ਬਹੁਤ ਸਾਰੇ ਸਾਡੇ ਅੱਪਣੇ ਵਿੱਛੜ ਗਏ ਬਹੁਤ ਸਾਰੇ ਨਵੇਂ ਦੋਸਤ ਜ਼ਿੰਦਗੀ ਵਿੱਚ ਆਏ।ਅੱਜ ਆਪਾ ਗੱਲ ਕਰਾਂਗੇ ਪੰਜਾਬ ਦੀਆਂ ਸ਼ੜਕਾਂ ਜਿਹੜੀਆਂ ਕਿ ਕਤਲਗਾਹ ਬਣ ਚੁਕੀਆਂ ਹਨ ਅਤੇ 2017 ਵਿੱਚ ਕਿੰਨੇ ਲੋਕ ਸੜਕ ਹਾਦਸਿਆਂ ਵਿੱਚ ਆਪਣੇ ਪਿਆਰਿਆਂ ਕੋਲੋਂ ਵਿੱਛੜ ਗਏ। ਹਰ ਸਾਲ ਪੰਜਾਬ ਦੀਆਂ ਸੜਕਾਂ ਤੇ ਸੈਂਕੜੇ ਲੋਕ ਅਨਿਆਈ ਮੌਤ ਮਾਰੇ ਜਾਂਦੇ ਹਨ। ਹਰ ਰੋਜ਼ ਪੰਜਾਬ ਦੀਆਂ ਸੜਕਾਂ ਤੇ ਪੰਦਰਾਂ ਵੀਹ ਮੌਤਾਂ ਹੋਣੀਆਂ ਆਮ ਜਿਹੀ ਗੱਲ ਹੈ। ਹਾਦਸੇ ਬੇਸ਼ੱਕ ਪੰਜਾਬ ਅੰਦਰ ਹਰ ਸਾਲ ਵਾਪਰਦੇ ਨੇ ਲੇਕਿਨ 2017 ਪੰਜਾਬੀਆਂ ਦੀਆਂ ਮੌਤਾਂ ਲਈ ਰਿਕਾਰਡ ਤੋੜ ਰਿਹਾ। ਆਪਾਂ ਸਾਰੇ ਰੱਬ ਦਾ ਭਾਣਾ ਮੰਨਕੇ ਬੈਠ ਜਾਂਦੇ ਹਾਂ ਲੋੜ ਹੈ ਇਹਨਾਂ ਹਾਦਸਿਆਂ ਦੀ ਸਮੀਖਿਆ ਕਰਨ ਦੀ ਤਾਂ ਜੋ ਹੋਰ ਕੀਮਤੀ ਜਾਨਾਂ ਬਚਾਈਆਂ ਜਾ ਸਕਣ ਹਰ ਰੋਜ਼ ਪੰਜਾਬ ਦੀਆਂ ਸੜਕਾਂ ਤੇ ਸੈਂਕੜੇ ਨਵੀਂਆਂ ਕਾਰਾਂ ਆ ਰਹੀਆਂ ਹਨ ਪਰ ਨਵਾਂ ਕਨੂੰਨ ਜਿਸ ਤਹਿਤ ਐਨੇ ਟ੍ਰੈਫ਼ਿਕ ਨੂੰ ਕੰਟਰੋਲ ਕਰਨਾ ਉਸ ਬਾਰੇ ਸਾਡੀ ਸਰਕਾਰ ਪੁਲਿਸ ਪ੍ਰਸ਼ਾਸਨ ਹਾਲੇ ਸੁੱਤਾ ਪਿਆ ਹੈ। ਇਹ ਜਿਹੜੇ ਅੰਕੜੇ ਮੈਂ ਤੁਹਾਡੇ ਨਾਲ ਸਾਂਝੇ ਕਰ ਰਿਹਾ ਇਹ ਉਹ ਨੇ ਜਿਹੜੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੇ ਨੇ ਇਸ ਤੋਂ ਬਿਨਾਂ ਚੁੱਪ ਗੜੁੱਪ ਵੀ ਬਹੁਤ ਕੁਝ ਹੁੰਦਾ ਅਗਰ ਉਹ ਵੀ ਮੌਤਾਂ ਵਿੱਚ ਪਾ ਲਈਆਂ ਜਾਣ ਤਾਂ ਅੰਕੜਾ ਕੁਝ ਹੋਰ ਹੀ ਹੋਵੇ। ਸਾਲ 2017 ਦੌਰਾਨ ਪੰਜਾਬ 'ਚ ਕਈ ਅਜਿਹੇ ਵੱਡੇ ਹਾਦਸੇ ਵਾਪਰੇ, ਜਿਨ੍ਹਾਂ ਵਿਚ ਕਈ ਕੀਮਤੀ ਜਾਨਾਂ ਤਾਂ ਗਈਆਂ, ਨਾਲ ਇਹ ਹਾਦਸੇ ਇੰਨੇ ਭਿਆਨਕ ਸਨ ਜਿਨ੍ਹਾਂ ਨੇ ਲੋਕਾਂ ਦੇ ਦਿਲਾਂ ਨੂੰ ਝੰਜੋੜ ਕੇ ਰੱਖ ਦਿੱਤਾ। ਇਨ੍ਹਾਂ ਵੱਡੇ ਹਾਦਸਿਆਂ ਨੇ ਕਈ ਘਰਾਂ ਦੇ ਚਿਰਾਗਾਂ ਨੂੰ ਬੁਝਾ ਕੇ ਰੱਖ ਦਿੱਤਾ।

ਨਵੇਂ ਸਾਲ ਦੀ ਸ਼ੁਰੂਆਤ ਹੁੰਦੇ ਹੀ ਯਾਨੀ 1 ਜਨਵਰੀ ਨੂੰ ਬਠਿੰਡਾ 'ਚ ਕਾਰ ਹਾਦਸਾ ਵਾਪਰਿਆ ਸੀ। ਇਸ ਹਾਦਸੇ 'ਚ 2 ਲੜਕੀਆਂ ਸਮੇਤ ਇਕ ਲੜਕੇ ਦੀ ਮੌਤ ਹੋ ਗਈ ਸੀ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਕਾਰ 'ਚ ਸਵਾਰ ਹੋ ਕੇ ਇਹ ਸਾਰੇ ਨਵੇਂ ਸਾਲ ਦਾ ਜਸ਼ਨ ਮਨਾ ਕੇ ਘਰ ਆ ਰਹੇ ਸਨ ਅਤੇ ਇਨ੍ਹਾਂ ਦੀ ਕਾਰ ਇਕ ਬਿਲਡਿੰਗ ਨਾਲ ਜਾ ਟਕਰਾਈ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ।

ਇਸੇ ਤਰ੍ਹਾਂ ਲੁਧਿਆਣਾ ਦੇ ਬਿਰਮੀ ਪਿੰਡ 'ਚ ਵੀ 7 ਜਨਵਰੀ ਨੂੰ ਸੜਕ ਹਾਦਸਾ ਵਾਪਰ ਗਿਆ ਸੀ। ਇਸ ਹਾਦਸੇ 'ਚ 2 ਲੜਕੀਆਂ ਸਮੇਤ 2 ਲੜਕਿਆਂ ਦੀ ਮੌਤ ਹੋ ਗਈ ਸੀ। ਇਹ ਸਾਰੇ ਸਾਊਥ ਸਿਟੀ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਕਾਰ ਦਰੱਖਤ ਨਾਲ ਜਾ ਟਕਰਾਈ ਸੀ, ਜਿਸ ਨਾਲ ਇਹ ਭਿਆਨਕ ਹਾਦਸਾ ਵਾਪਰ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਦੋ ਹਿੱਸੇ ਹੋ ਗਏ ਸਨ।



ਫਿਰੋਜ਼ਪੁਰ 'ਚ ਜ਼ੀਰਾ-ਮੱਖੂ ਹਾਈਵੇਅ 'ਤੇ 17 ਫਰਵਰੀ ਨੂੰ ਕਿਸੇ ਧਾਰਮਿਕ ਸਥਾਨ ਤੋਂ ਵਾਪਸ ਆ ਰਹੇ ਪਰਿਵਾਰ ਦੇ ਨਾਲ ਦਰਦਨਾਕ ਹਾਦਸਾ ਵਾਪਰ ਗਿਆ ਸੀ। ਇਸ ਹਾਦਸੇ 'ਚ 11 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦਕਿ 4 ਲੋਕ ਗੰਭੀਰ ਤੌਰ 'ਤੇ ਜ਼ਖਮੀ ਹੋ ਗਏ ਸਨ। ਇਹ ਹਾਦਸਾ ਨੈਸ਼ਨਲ ਹਾਈਵੇਅ 'ਤੇ ਪਿੰਡ ਬਹਿਕ ਪਛਾੜੀਆ ਨੇੜੇ ਡ੍ਰੇਨ ਦੇ ਪੁੱਲ ਦੇ ਅਸਥਾਈ ਰਸਤੇ 'ਤੇ ਪੈਂਦੀ ਚੜ੍ਹਾਈ ਚੜ੍ਹਦੇ ਸਮੇਂ ਟਰਾਲਾ ਟਵੇਰਾ ਗੱਡੀ ਦੇ ਉੱਪਰ ਪਲਟ ਜਾਣ ਕਾਰਨ ਵਾਪਰਿਆ ਸੀ।

25 ਮਾਰਚ ਨੂੰ ਬਰਨਾਲਾ ਜ਼ਿਲੇ ਦੇ ਪਿੰਡ ਘੁਨਸ ਨੇੜੇ ਇਕ ਕਾਰ ਦੀ ਬੱਸ ਨਾਲ ਜ਼ਬਰਦਸਤ ਟੱਕਰ ਹੋਣ ਕਰਕੇ ਕਾਰ 'ਚ ਸਵਾਰ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਇਕ ਜ਼ਖਮੀ ਹੋ ਗਿਆ ਸੀ। ਘੁੰਨਤ ਵਾਸੀ 5 ਲੋਕ ਆਪਣੀ ਕਾਰ 'ਚ ਸਵਾਰ ਹੋ ਕੇ ਸ਼ਹਿਰ ਵੱਲ ਜਾ ਰਹੇ ਸਨ ਕਿ ਬਠਿੰਡਾ ਵੱਲੋਂ ਲੁਧਿਆਣਾ ਵੱਲ ਆ ਰਹੀ ਓਰਬਿਟ ਬੱਸ ਨੇ ਆਪਣੀ ਲਪੇਟ 'ਚ ਲੈ ਲਿਆ ਸੀ।

7 ਅਪ੍ਰੈਲ ਨੂੰ ਦਸੂਹਾ-ਹਾਜੀਪੁਰ ਰੋਡ 'ਤੇ ਸਿੰਘਪੁਰ ਨੇੜੇ ਸਕੂਲ ਦੀ ਬੱਸ ਜਲੰਧਰ ਤੋਂ ਆ ਰਹੇ ਇਕ ਆਲੂਆਂ ਨਾਲ ਭਰੇ ਮਿੰਨੀ ਮਹਿੰਦਰਾ ਨਾਲ ਜਾ ਟਕਰਾਈ ਸੀ, ਜਿਸ ਨਾਲ ਡਰਾਈਵਰ ਸਮੇਤ 3 ਸਕੂਲੀ ਬੱਚਿਆਂ ਦੀ ਮੌਤ ਹੋ ਗਈ ਸੀ ਅਤੇ 15 ਦੇ ਕਰੀਬ ਲੋਕ ਜ਼ਖਮੀ ਹੋ ਗਏ ਸਨ।

ਇਸ ਦੌਰਾਨ ਬੱਸ ਹਾਦਸੇ ਦੀ ਖਬਰ ਸੁਣਦੇ ਹੀ ਹਾਜੀਪੁਰ ਦੀ ਰਹਿਣ ਵਾਲੀ ਇਕ ਔਰਤ ਨੂੰ ਦਿਲ ਦਾ ਦੌਰਾ ਪੈ ਗਿਆ ਸੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਜਿਵੇਂ ਉਸ ਨੇ ਇਹ ਖਬਰ ਸੁਣੀ ਸੀ ਤਾਂ ਉਸ ਨੂੰ ਲੱਗਿਆ ਸੀ ਕਿ ਕਿਤੇ ਉਹ ਬੱਸ ਨਾ ਹੋਵੇ, ਜਿਸ 'ਚ ਉਸ ਦੇ ਬੱਚੇ ਸਕੂਲ ਗਏ ਹਨ। ਇਹ ਸੋਚ ਕੇ ਹੀ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਸੀ। 12 ਅਪ੍ਰੈਲ ਨੂੰ ਤੇਜ਼ ਰਫਤਾਰ ਕਾਰ ਦੇ ਕਾਰਨ ਜੰਡਿਆਲਾ 'ਚ 6 ਲੋਕਾਂ ਦੀ ਜਾਨ ਚਲੀ ਗਈ ਸੀ। ਬੇਕਾਬੂ ਹੋ ਕੇ ਪਹਿਲਾਂ ਕਾਰ ਦਰੱਖਤ 'ਚ ਵੱਜੀ ਅਤੇ ਫਿਰ ਕੁਲਫੀਆਂ ਤੇ ਛੋਲੇ-ਭਠੂਰੇ ਦੀਆਂ ਰੇਹੜੀਆਂ ਕੋਲ ਖੜ੍ਹੇ ਬੱਚਿਆਂ 'ਚ ਜਾ ਵੱਜੀ, ਜਿਸ ਕਾਰਨ 4 ਬੱਚਿਆਂ ਸਮੇਤ 6 ਲੋਕਾਂ ਦੀ ਮੌਤ ਹੋ ਗਈ ਸੀ।

14 ਮਈ ਨੂੰ ਫਗਵਾੜਾ-ਹੁਸ਼ਿਆਰਪੁਰ ਰੋਡ 'ਤੇ ਪਿੰਡ ਖੱਤੀ ਨੇੜੇ ਕਾਰ ਦੀ ਟਰੱਕ ਨਾਲ ਟੱਕਰ ਹੋਣ ਕਰਕੇ 5 ਲੋਕਾਂ ਦੀ ਮੌਤ ਹੋ ਗਈ ਸੀ। ਗੱਡੀ 'ਚ ਦੋ ਪਰਿਵਾਰ 'ਚੋਂ 2 ਔਰਤਾਂ 2 ਵਿਅਕਤੀ ਅਤੇ ਤਿੰਨ ਬੱਚੇ ਸਵਾਰ ਸਨ, ਜਿਨ੍ਹਾਂ 'ਚੋਂ 2 ਔਰਤਾਂ ਸਮੇਤ 5 ਦੀ ਮੌਤ ਹੋ ਗਈ ਸੀ। ਮ੍ਰਿਤਕਾਂ ਵਿੱਚ ਵਿਕਾਸ (41) ਉਸ ਦੀ ਪਤਨੀ ਸ਼ਿਖਾ (37), ਸ਼ਿਖਾ ਦੀ ਭੈਣ ਰੀਨਾ (42), ਪੁੱਤਰ ਰਾਘਵ (10) ਅਤੇ ਮਾਨਵ (7) ਸਨ। ਹਾਦਸੇ ਵਿੱਚ ਦੋ ਪਰਿਵਾਰ ਉਜੜ ਗਏ ਹਨ। ਬਚਣ ਵਾਲੇ ਰੀਨਾ ਦੇ ਪਤੀ ਸੁਰਿੰਦਰ ਕੁਮਾਰ (46) ਅਤੇ ਮਰਨ ਵਾਲੇ ਵਿਕਾਸ ਦੀ 8 ਸਾਲਾ ਧੀ ਸ਼ਿਵਾਕਾ ਹਨ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਨੂੰ ਪਲਾਂ 'ਚ ਹੀ ਅੱਗ ਲੱਗ ਗਈ ਅਤੇ ਕਾਰ ਟਰੱਕ ਥੱਲੇ ਆ ਕੇ ਬੁਰੀ ਤਰ੍ਹਾਂ ਦਰੜੀ ਗਈ।

15 ਜੂਨ ਨੂੰ ਹਿਮਾਚਲ ਦੇ ਕਾਂਗੜਾ ਜ਼ਿਲੇ ਦੇ ਢਲਿਆਰਾ 'ਚ ਸ਼ਰਧਾਲੂਆਂ ਨਾਲ ਭਰੀ ਇਕ ਨਿੰਜੀ ਬੱਸ ਖੱਡ 'ਚ ਡਿੱਗ ਗਈ ਸੀ, ਜਿਸ ਨਾਲ 10 ਪੰਜਾਬੀ ਲੋਕਾਂ ਦੀ ਮੌਤ ਹੋ ਗਈ ਸੀ ਅਤੇ 35 ਦੇ ਕਰੀਬ ਜ਼ਖਮੀ ਹੋ ਗਏ ਸਨ। ਸਾਰੇ ਸ਼ਰਧਾਲੂ ਚਿੰਤਪੁਰਨੀ ਮੰਦਰ ਤੋਂ ਦਰਸ਼ਨ ਕਰਨ ਦੇ ਬਾਅਦ ਜਵਾਲਾਮੁੱਖੀ ਮੰਦਰ ਜਾ ਰਹੇ ਸੀ। ਬੱਸ 50 ਦੇ ਕਰੀਬ ਲੋਕ ਸਵਾਰ ਸਨ। ਹਾਦਸੇ 'ਚ ਮਾਰੇ ਗਏ ਲੋਕ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ।

ਇਸੇ ਤਰ੍ਹਾਂ 18 ਜੂਨ ਨੂੰ ਫਿਰੋਜ਼ਪੁਰ 'ਚ ਲੋਹਗੜ ਪਿੰਡ ਨੇੜੇ ਇਕ ਐੱਸ. ਯੂ. ਵੀ. ਕਾਰ ਦੀ ਦਰੱਖਤ ਨਾਲ ਭਿਆਨਕ ਟੱਕਰ ਹੋ ਗਈ ਸੀ। ਇਸ ਹਾਦਸੇ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ 5 ਲੋਕ ਜ਼ਖਮੀ ਹੋ ਗਏ ਸਨ। ਦੋ ਪਰਿਵਾਰ ਮਾਤਾ ਚਿੰਤਪੂਰਨੀ ਦੇ ਦਰਸ਼ਨ ਕਰਨ ਤੋਂ ਬਾਅਦ ਘਰ ਵਾਪਸ ਆ ਰਹੇ ਸਨ। ਜਿਵੇਂ ਹੀ ਉਹ ਜ਼ੀਰਾ ਰੋਡ 'ਤੇ ਪਹੁੰਚੇ ਤਾਂ ਡਰਾਈਵਰ ਤੋਂ ਕਾਰ ਕੰਟਰੋਲ ਤੋਂ ਬਾਹਰ ਹੋ ਗਈ, ਜਿਸ ਨਾਲ ਇਹ ਹਾਦਸਾ ਵਾਪਰ ਗਿਆ।

ਚੰਡੀਗੜ੍ਹ 'ਚ 11 ਜੁਲਾਈ ਨੂੰ ਦੇਰ ਰਾਤ ਇਕ ਕਾਰ ਭਿਆਨਕ ਹਾਦਸੇ ਦੀ ਸ਼ਿਕਾਰ ਹੋ ਗਈ ਸੀ। ਦੇਰ ਰਾਤ ਕਾਰ 'ਚ ਸਵਾਰ ਹੋ ਕੇ 3 ਲੜਕੀਆਂ ਅਤੇ 3 ਲੜਕੇ ਸੈਕਟਰ 26 ਤੋਂ ਖਾਣਾ ਖਾ ਕੇ ਵਾਪਸ ਘਰ ਵੱਲ ਪਰਤ ਰਹੇ ਸਨ। ਇਸੇ ਦੌਰਾਨ ਜਦੋਂ ਕਾਰ ਸੈਕਟਰ 44-45 ਤੋਂ ਲੰਘ ਰਹੀ ਸੀ ਕਿ ਅਚਾਨਕ ਸਾਹਮਣੇ ਤੋਂ ਆਉਂਦਾ ਇਕ ਮੋਟਰਸਾਈਕਲ ਦੇਖ ਉਸ

(ਬਾਕੀ ਅਗਲੇ ਸਫੇ ਤੇ)

# ਭਾਰਤੀਆਂ ਨੂੰ ਸੰਵਿਧਾਨ ਵਿਚ ਹੀ ਰੱਬ ਲਭੱਣਾ ਚਾਹੀਦਾ ਹੈ: ਸ਼੍ਰੀ ਐਚ.ਐਸ.ਕਾਪੜਿਆ (ਸਾਬਕਾ ਚੀਫ ਜਸਟਿਸ)

ਰਣਜੀਤ ਕੁਮਾਰ, ਐਡਵੋਕੇਟ
91-97803-60456

ਲੰਬੀ ਗੁਲਾਮੀ ਤੋ ਬਾਅਦ ਮਿਲੀ ਅਜਾਦੀ ਭਾਰਤੀਆਂ ਲਈ ਇੱਕ ਬਹੁਤ ਵੱਡੀ ਪ੍ਰਾਪਤੀ ਸੀ। ਖੁਸ਼ੀ ਤੇ ਮਾਨ ਦੀ ਗੱਲ ਸੀ। ਪਰ ਨਾਲ ਹੀ ਇਤਿਹਾਸ ਤੋ ਵਰਤਮਾਨ ਦੀ ਭਾਰਤ ਦੀ ਯਾਤਰਾ ਦੀ ਬੀਹੀ ਤੇ ਲੱਖਾਂ ਹੀ ਲੋਕਾਂ ਦਾ ਖੂਨ, ਜੁਲਮ ਦੇ ਕਿੱਸੇ, ਵਿਤਕਰੇ ਅਤੇ ਗੁਰਬਤ ਦੀਆਂ ਖਿਲਰੀਆਂ ਨਿਸ਼ਾਨੀਆਂ ਦਾ ਡਰ ਅਤੇ ਅਨਿਸਚਿਤ ਭਵਿਖ ਦੀ ਚਿੰਤਾ ਵੀ ਸਤਾ ਰਹੀ ਸੀ ਅਤੇ ਕਈ ਸਵਾਲ ਜਹਿਨ ਵਿਚ ਖੜੇ ਕਰ ਰਹੀ ਸੀ। 500 ਤੋਂ ਵੱਧ ਰਿਆਸਤਾਂ, ਹਜਾਰਾਂ ਜਾਤਾਂ, ਬੋਲੀਆਂ, ਸੈਂਕੜੇ ਧਰਮਾਂ, ਵਿਸ਼ਵਾਸ਼ਾਂ ਮਾਨਤਾਵਾਂ ਅਤੇ ਫਿਰਕਿਆਂ ਵਿਚ ਵੰਡਿਆ ਦੇਸ਼ ਇੱਕ ਮੁੱਠ ਰਹਿ ਸਕੇਗਾ? ਕੀ ਇਹ ਸਾਲਾਂ ਬੱਧੀ ਸੰਘਰਸ਼ ਤੋ ਬਾਅਦ ਮਿਲੀ ਅਜਾਦੀ ਕਾਇਮ ਰਹ ਸਕੇਗੀ? ਕੀ ਇਹ ਦੇਸ਼ ਟੁੱਟ ਜਾਂ ਬਿਖਰ ਤਾਂ ਨਹੀ ਜਾਵੇਗਾ?

ਨਵੇ ਜਨਮੇ ਰਾਸ਼ਟਰ ਦੀ ਰੂਪ ਰੇਖਾ, ਬਣਤਰ, ਵਿਵਸਥਾ, ਸਿਧਾਂਤ ਅਤੇ ਉਦੇਸ਼ਾਂ ਦੀ ਨਿਸ਼ਾਨਦੇਹੀ ਅਤੇ ਸਿਰਜਣਾ ਦਾ ਕੰਮ ਕੋਈ ਸਧਾਰਨ ਕੰਮ ਨਹੀ ਸੀ। ਰਾਸ਼ਟਰੀ ਸਰਕਾਰ ਅਤੇ ਸਵਿੰਧਾਨਕ ਸਭਾ ਵਿਚ 296 ਮੈਂਬਰ ਜੋ ਕਿ ਵੱਖੋ ਵੱਖ ਧਾਰਮਿਕ, ਰਾਜਨੀਤਕ, ਸਮਾਜਿਕ ਪਛਾਣ, ਵਿਚਾਰਧਾਰਾ ਅਤੇ ਪਿਛੋਕੜ ਦੇ ਹੋਣ ਕਰਕੇ ਇਹ ਕੰਮ ਹੋਰ ਵੀ ਚੁਨੋਤੀ ਪੂਰਨ ਸੀ। ਲੇਕਿਨ ਸੈਂਕੜਾ ਬੈਠਕਾਂ ਵਿਚ ਹਜਾਰਾ ਤਜਵੀਜਾਂ ਤੇ ਵਿਚਾਰ ਕੀਤਾ ਗਿਆ, ਬਹਿਸਾਂ ਅਤੇ ਕਈ ਦਲੀਲਾਂ, ਤਰਮੀਮਾਂ ਅਤੇ ਸ਼ੋਧਾਂ ਦੇ ਲਗਭੱਗ ਤਿੰਨ ਸਾਲਾਂ ਦੇ ਸਿਲਸਲੇ ਤੋ ਬਾਅਦ ਡਾ. ਬੀ.ਆਰ ਅੰਬੇਡਕਰ ਦੀ ਸਰਪ੍ਰਸਤੀ ਹੇਠ ਡਰਾਫਟਿੰਗ ਕਮੇਟੀ ਨੇ ਸਵਿੰਧਾਨ ਦਾ ਪਹਿਲਾ ਸਰੂਪ ਪੇਸ਼ ਕੀਤਾ ਗਿਆ, ਜਿਸ ਨੂੰ ਪ੍ਰਵਾਨ ਕਰਕੇ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ।

ਭਾਰਤ ਦਾ ਸੰਵਿਧਾਨ ਮਹਿਜ ਇਕ ਦਸਤਾਵੇਜ, ਨਿਯਮਾਂ ਕਾਨੂੰਨਾਂ ਦੀ ਕਿਤਾਬ ਹੀ ਨਹੀ, ਬਲਕਿ ਇਹ ਨਵੇਂ ਬਣੇ ਰਾਸ਼ਟਰ ਵਿੱਚ ਭਾਰਤੀਆਂ ਦੇ ਭਰੋਸੇ ਦਾ ਪ੍ਰਤੀਕ ਹੈ, ਇਕ ਮੁਆਹਿਦਾ ਹੈ, ਇੱਕ ਵਚਨ ਹੈ ਅਤੇ ਇੱਕ ਆਸ ਹੈ ਜੋ ਕਿ ਭਾਰਤੀਆਂ ਵਲੋਂ ਭਾਰਤੀਆਂ ਲਈ ਭਾਰਤੀ ਨਿਆਂ ਤੇ ਅਧਾਰਿਤ ਲੋਕਤੰਤਰੀ ਵਿਵਸਥਾ ਦੀ ਸਿਰਜਨਾ ਲਈ ਹੈ। ਸੰਵਿਧਾਨ ਰਾਹੀਂ ਨਵੇ ਭਾਰਤ ਗਣਤੰਤਰ ਨੂੰ ਨਿਆਂ, ਅਜਾਦੀ, ਸਮਾਨਤਾ ਅਤੇ ਭਾਇਚਾਰੇ ਦੇ ਸਿਧਾਂਤਾ ਦੀ ਨੀਂਹ ਤੇ ਖੜਾ ਕੀਤਾ ਗਿਆ। ਜੋ ਰਾਜਸ਼ਾਹੀ, ਤਾਨਾਸ਼ਾਹੀ ਤੋਂ ਲੋਕਤੰਤਰ ਵੱਲ, ਫਿਰਕਾਪ੍ਰਸਤ ਜਕੜਬੰਦੀ ਤੋਂ ਧਰਮ ਨਿਰਪੱਖ ਭਾਈਚਾਰੇ ਵੱਲ, ਜਗੀਰਵਾਦ, ਪੂੰਜੀਵਾਦ ਦੇ ਸ਼ੋਸ਼ਣ ਤੋਂ ਸਮਾਜਵਾਦ ਵੱਲ ਪਹੁੰਚਣ ਦਾ ਰਸਤਾ ਵਿਖਾਉਣ ਦਾ ਦਸਤਾਵੇਜ ਹੈ।

ਨਿਆਂ ਤੇ ਅਧਾਰਿਤ ਵਿਵਸਥਾ ਤੋ ਭਾਵ ਅਜਾਦੀ, ਸਮਾਨਤਾ ਅਤੇ ਭਾਈਚਾਰੇ ਦੀ ਵਿਵਸਥਾ। ਗਣਤੰਤਰ ਦੇ ਮਾਇਨੇ ਭਾਰਤ ਦੇਸ਼ ਦਾ ਹਰ ਨਾਗਰਿਕ ਦੇਸ਼ ਦੀ ਧੰਨ ਸੰਪਦਾ, ਸਾਧਨਾ ਅਤੇ ਭੂਮੀ ਦਾ ਬਰਾਬਰ ਦਾ ਹਿਸੇਦਾਰ ਅਤੇ ਲੋਕਤੰਤਰ ਦੇ ਮਾਇਨੇ ਲੋਕਾਂ ਦੀ ਲੋਕਾਂ ਲਈ, ਲੋਕਾਂ ਦੁਆਰਾ ਚੁਣੀ ਗਈ ਸਰਕਾਰ, ਮਤਲਬ ਦੇਸ਼ ਦੇ ਰਾਜੇ ਰਜਵਾੜਿਆਂ ਅਤੇ ਜਗੀਰਦਾਰਾਂ ਦੇ ਰਾਜ ਦਾ ਖਾਤਮਾ।

ਅਜਾਦੀ ਮਤਲਬ ਬੋਲਣ ਦੀ ਅਜਾਦੀ, ਆਪਣੇ ਵਿਚਾਰ ਰੱਖਣ ਦੀ ਅਜਾਦੀ, ਘੁਮੱਣ ਫਿਰਨ ਦੀ ਅਜਾਦੀ, ਸੰਗਠਣ ਬਣਾਉਣ ਦੀ ਅਜਾਦੀ, ਆਪਣੇ ਧਰਮਾਂ ਵਿਸ਼ਵਾਸ਼ਾਂ ਨੂੰ ਮੰਨਣ ਅਤੇ ਪ੍ਰਚਾਰ ਕਰਣ ਦੀ ਅਜਾਦੀ ਅਤੇ ਆਪਣਾ ਕੰਮ ਕਾਰ ਕਰਣ ਦੀ ਅਜਾਦੀ। ਸਮਾਨਤਾ ਤੋਂ ਭਾਵ ਭਾਰਤ ਦਾ ਹਰ ਨਾਗਰਿਕ ਰਾਜਨੀਤਕ ਅਤੇ ਕਾਨੂੰਨੀ ਰੂਪ ਵਿਚ ਬਰਾਬਰ ਅਤੇ ਉਸ ਲਈ ਤਰਕੀ ਲਈ ਇਕ ਸਮਾਨ ਮੌਕੇਆਂ ਦੀ ਵਿਵਸਥਾ। ਇੱਕ ਵਿਅਕਤੀ, ਇੱਕ ਵੋਟ, ਇੱਕ ਮੁਲ ਦੇ ਸਿਧਾਂਤ ਨੇ ਰਾਜੇ ਅਤੇ ਰੰਕ, ਅਮੀਰ-ਗਰੀਬ, ਊਂਚ-ਨੀਚ, ਔਰਤ-ਮਰਦ, ਸਵਰਨ ਅਤੇ ਦਲਿਤ ਇਕ ਸਮਾਨ ਕਰ ਦਿਤਾ।

ਕਾਨੂੰਨ ਦੇ ਸਾਹਮਣੇ ਨਾਗਰਿਕਾਂ ਦੇ ਪ੍ਰਤੀ ਕੋਈ ਭੇਦ ਨਾ ਹੈ। ਕਾਨੂੰਨ ਦੀ ਨਜਰ ਵਿੱਚ ਸੱਭ ਬਰਾਬਰ ਹਨ, ਜੁਰਮ ਜਾਂ ਗਲਤੀ ਕੋਈ ਵੀ ਕਰੇ, ਉਸਨੂੰ ਸਜਾ ਜਾਤ ਧਰਮ ਅਤੇ ਉਸਦੇ ਸਮਾਜਕ ਪੱਧਰ ਨੂੰ ਨਾ ਵੇਖ ਕੇ ਬਲਕਿ ਜੁਰਮ ਦੀ ਕੈਫਿਅਤ ਦੇ ਅਧਾਰ ਤੇ ਸਜਾ ਦਿਤੀ ਜਾਂਦੀ ਹੈ ਅਤੇ ਨਿਆਂ ਨਾਗਰਿਕ ਦੇ ਬਣਦੇ ਹੱਕ ਮੁਤਾਬਕ, ਭਾਈਚਾਰੇ ਦੀ ਪ੍ਰਕਿਲਪਨਾ ਇਸ ਅਧਾਰ ਤੇ ਕੀਤੀ ਗਈ ਕਿ ਭਾਰਤ ਦੇ ਨਾਗਰਕ ਆਪਣੀ ਜਾਤੀ, ਜਮਾਤੀ ਅਤੇ ਧਾਰਮਿਕ ਪਛਾਣ ਤੋ ਛੁੱਟ ਭਾਰਤੀ ਹੋਣ ਦੇ ਨਾਤੇ ਇਸ ਦੇਸ਼ ਦੀ ਸਿਰਜਨਾ, ਤਰੱਕੀ ਅਤੇ ਖੁਸ਼ਹਾਲੀ ਵਿੱਚ ਆਪਣੀ ਬਣਦੀ ਭੂਮਿਕਾ ਅਦਾ ਕਰਨ।

ਇਨਾਂ ਸਾਰੇ ਸਿਧਾਂਤਾ ਅਤੇ ਉਦੇਸ਼ਾਂ ਅਤੇ ਸੰਵਿਧਾਨ ਦੀ ਰਖਿਆ ਲਈ ਅਤੇ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੀ ਕਾਰਗੁਜਾਰੀ ਦੀ ਚੋਕਸੀ ਲਈ ਨਿਰਪੱਖ ਨਿਆਪਾਲਿਕਾ ਦੀ ਸਿਰਜਣਾ।

ਲਬੋ-ਲਿਬਾਬ ਇਹ ਕਿ ਇੱਕ ਅਜਿਹੇ ਪ੍ਰਗਤੀਸ਼ੀਲ, ਸ਼ਾਂਤ, ਤਰੱਕੀਯਾਫਤਾ ਅਤੇ ਖੁਸ਼ਹਾਲ ਦੇਸ਼ ਦੀ ਸਿਰਜਨਾ ਦਾ ਸੰਕਲਪ ਇਸ ਸੰਵਿਧਾਨ ਦੇ ਵਿੱਚ ਕੀਤਾ ਗਿਆ ਸੀ ਜੋ ਕਿ ਹਰ ਜਾਤ, ਧਰਮ, ਮਜਹਬ, ਫਿਰਕੇ ਲਈ ਇੱਕ ਸਮਾਨ ਪ੍ਰਕਿਲਪਣਾ ਸੀ।

ਅੱਜ ਜੇਕਰ ਸੰਵਿਧਾਨ ਦੇ 67 ਸਾਲਾਂ ਦੇ ਸਫਰ ਤੇ ਝਾਤ ਮਾਰੀਏ ਅਤੇ ਵਿਸ਼ਲੇਸ਼ਨ ਕਰੀਏ ਤਾਂ ਵੇਖਦੇ ਹਾਂ ਕਿ ਜਿਸ ਔਰਤ ਅਤੇ ਦਲਿਤ ਨੂੰ ਹਜਾਰਾਂ ਸਾਲ ਗੁਲਾਮੀ ਸਹਿਣੀ ਪਈ ਉਸਦੇ ਸਿਖਿਆ ਦੇ, ਰਾਜਨੀਤੀ ਦੇ ਅਤੇ ਧਾਰਮਿਕ, ਸਮਾਜਕ ਹੱਕਾਂ ਨੂੰ ਡੱਕਿਆ ਗਿਆ, ਉਨਾਂ ਦੀ ਤਰੱਕੀ ਅਤੇ ਵਿਕਾਸ ਦੇ ਸਾਰੇ ਰਸਤੇ ਰੋਕੇ ਗਏ ਅਤੇ ਸਦੀਆਂ ਬੱਧੀ ਸੋਸ਼ਣ ਅਤੇ ਅਤਿਆਚਾਰ ਕੀਤਾ ਗਿਆ, ਉਹਨਾਂ ਅਜਾਦੀ ਤੋ ਬਾਅਦ ਸੰਵਿਧਾਨਕ ਮੋਕਿਆ ਕਰਕੇ ਨਾ ਸਿਰਫ ਜਾਤੀ ਤੋਰ ਤੇ ਵਿਕਾਸ ਕੀਤਾ, ਬਲਕਿ ਦੇਸ਼ ਦੇ ਨਿਰਮਾਨ ਅਤੇ ਤਰੱਕੀ ਵਿੱਚ ਆਪਣਾ ਹਿੱਸਾ ਬਾਖੂਬੀ ਪਾਇਆ ਹੈ ਅਤੇ ਉਹ ਸਰਵਉਚ ਸੰਵਿਧਾਨਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਅਹੁਦਿਆਂ ਤੇ ਵੀ ਪਹੁੰਚੇ ਹਨ। ਸ਼੍ਰੀਮਤੀ ਇੰਦਰਾ ਗਾਂਧੀ, ਭੈਣ ਮਾਇਅਵਤੀ, ਕੁਮਾਰੀ ਮਮਤਾ ਬੈਨਰਜੀ, ਸਾਬਕਾ ਰਾਸ਼ਟਰਪਤੀ ਸ਼੍ਰੀ ਕੇ.ਆਰ ਨਾਰਾਇਨਨ ਅਤੇ ਮੌਜੂਦਾ ਰਾਸ਼ਟਰਪਤੀ ਇਨਾ ਪ੍ਰਾਪਤੀਆਂ ਦੀਆਂ ਕੁਝ ਕਾਮਯਾਬ ਉਦਾਹਰਨਾਂ ਹਨ।

ਘੱਟ ਗਿਣਤੀ ਸਮਾਜ ਜੋ ਕਿ ਆਪਣੀ ਗਿਣਤੀ ਦੇ ਅਧਾਰ ਤੇ ਇਸ ਮੁਲਕ ਦੀ ਵਿਵਸਥਾ ਵਿੱਚ ਨਿਗੁਨਾ ਹੈ ਉਹਨਾ ਨੂੰ ਵੀ ਸੰਵਿਧਾਨ ਨੇ ਮੋਕੇ ਦਿਤੇ ਕਿ ਉਹ ਆਪਣੀ ਮਿਹਨਤ ਅਤੇ ਯੋਗਤਾ ਅਨੁਸਾਰ ਸਿਰਮੋਰ ਸੰਸਥਾਵਾਂ ਵਿਚ ਪਹੁੰਚੇ ਹੀ ਨਹੀ, ਉਨਾ ਉਪਰ ਬੈਠਣ ਦਾ ਮੋਕਾ ਮਿਲਿਆ ਹੈ। ਗਿਆਨੀ ਜੈਲ ਸਿੰਘ, ਸਾਬਕਾ ਰਾਸ਼ਟਰਪਤੀ ਜਾਕਿਰ ਹੁਸੈਨ, ਸਰਦਾਰ ਮਨਮੋਹਨ ਸਿੰਘ, ਸ਼੍ਰੀ ਹਾਮਿਦ ਅੰਸਾਰੀ ਅਤੇ ਸ਼੍ਰੀ ਅਲਤਮਸ਼ ਕਬੀਰ, ਸ਼੍ਰੀ ਐਚ.ਐਸ. ਕਾਪੜੀਆ ਚੀਫ ਜਸਟਿਸ ਆਫ ਇੰਡੀਆ ਦੇ ਨਾਮ ਉਦਾਹਰਨ ਵਜੋਂ ਦੇਖੇ ਜਾ ਸਕਦੇ ਹਨ ਇਹ ਸਭ ਸੰਵਿਧਾਨ ਦੀ ਬਦੋਲਤ ਹੀ ਸੰਭਵ ਹੋ ਸਕਿਆ ਹੈ।

ਜੋ ਵਿਵਸਥਾ ਪਹਿਲਾਂ ਸਿਰਫ ਕੁਝ ਰਾਜੇ ਰਜਵਾੜਿਆਂ ਜਾ ਜਗੀਰਾਂ ਦੇ ਕਬਜੇ ਵਿੱਚ ਸੀ ਉਸਨੂੰ ਅੱਜ ਸਮਾਜ ਦਾ ਹਰ ਵਰਗ ਮਾਣ ਰਿਹਾ ਹੈ ਕਿਉਕਿ ਸੰਵਿਧਾਨ ਦੀ ਵਿਵਸਥਾ ਤੋ ਬਾਅਦ ਰਾਜੇ ਮਾਂ ਦੇ ਪੇਟੋਂ ਜੰਮਣੇ ਬੰਦ ਹੋ ਗਏ ਅਤੇ ਮੱਤਪੇਟੀਆਂ ਵਿਚੋਂ ਔਰਤਾਂ ਦਲਿਤ, ਘੱਟ ਗਿਣਤੀ ਅਤੇ ਸਮਾਜ ਦੇ ਹਰ ਘਰ ਵਿਚੋਂ ਵਿਧਾਇਕ ਅਤੇ ਲੀਡਰ ਪੈਦਾ ਹੋਣ ਲੱਗ ਪਏ।

ਸੰਵਿਧਾਨ ਦੇ ਰਾਜਾਂ ਲਈ ਨੀਤੀ ਨਿਰਧਾਰਕ ਸਿਧਾਤਾਂ ਦੀ ਛਾਂ ਹੇਠਾਂ ਹੀ ਮਜੂਦਰਾਂ ਲਈ ਅਧਿਕਾਰਾਂ ਦਾ, ਬਾਲਮਜਦੂਰੀ ਕਾਨੂੰਨ, ਔਰਤ ਨੂੰ ਜਾਇਦਾਦ ਵਿੱਚ ਹੱਕ ਅਤੇ ਔਰਤਾਂ ਨੂੰ ਸਰੀਰਕ ਸ਼ੋਸਣ ਤੋ ਬਚਾਅ ਦੇ ਕਾਨੂੰਨ, ਵਾਤਾਵਰਨ ਅਤੇ ਵਨ ਜਨਜੀਵਨ ਦੀ ਸੰਭਾਲ ਦੇ ਕਾਨੂੰਨ, ਸਿਹਤ ਸਬੰਧੀ ਕਾਨੂੰਨ, ਮੁੱਢਲੀ ਸਿਖਿਆ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਰੋਜਗਾਰ ਦਾ ਅਧਿਕਾਰ ਅਤੇ ਖਾਦ ਸੁਰਖਿਆ ਦੇ ਅਧਿਕਾਰ ਆਦਿ ਆਮ ਜਨਤਾ ਨੂੰ ਹਾਸਲ ਹੋਏ ਹਨ ਜਿਸ ਸਦਕਾ ਕਰੋੜਾਂ ਹੀ ਲੋਕਾਂ ਦੇ ਜੀਵਨ ਪੱਧਰ ਵਿਚ ਕ੍ਰਾਂਤੀਕਾਰੀ ਬਦਲਾਅ ਆਏ ਹਨ।

ਨਤੀਜਾ ਇਹ ਹੈ ਕਿ ਅੱਜ ਭਾਰਤ ਦੁਨਿਆ ਦਾ ਸਭ ਤੋ ਵੱਡਾ ਲੋਕਤੰਤਰਿਕ ਦੇਸ਼ ਹੋਣ ਦੇ ਨਾਲ ਨਾਲ ਵਿਕਾਸ ਵੱਲ ਤੇਜੀ ਨਾਲ ਵੱਧ ਰਿਹਾ ਮੁਲਕ ਹੈ ਜਿਸਦੀ ਅੱਜ ਦੁਨੀਆ ਦੇ ਵਿੱਚ ਇੱਕ ਵੱਖਰੀ ਪਛਾਣ ਹੈ।

ਤਾਨਾਸ਼ਾਹੀ, ਫਿਰਕਾਪ੍ਰਸਤ ਅਤੇ ਪੂੰਜੀਵਾਦੀ ਤਾਕਤਾਂ ਵਲੋਂ ਸਮੇ-ਸਮੇ ਤੇ ਲੋਕਤੰਤਰ ਲਈ ਖਤਰੇ ਖੜੇ ਕੀਤੇ ਹਨ, ਲੇਕਿਨ ਇਹ ਦੇਸ਼ ਸੰਵਿਧਾਨ ਦੀ ਤਾਕਤ ਸਦਕਾ ਚਾਰ ਗੁਆਂਢੀ ਮੁਲਕਾਂ ਨਾਲ ਲੜਾਈਆਂ, ਅਪਾਤਕਾਲ, ਹਿੰਦੂ ਸਿੱਖ ਦੰਗੇ, ਹਿੰਦੂ ਮੁਸਲਿਮ ਦੰਗੇ, ਬਾਬਰੀ ਮਸਜਿਦ ਕਾਂਡ, ਗੋਧਰਾ ਕਾਂਡ ਅਤੇ ਰਾਖਵਾਂਕਰਨ ਦੇ ਜਾਟ, ਪਟੇਲ ਅਤੇ ਗੁੱਜਰਾਂ ਦੇ ਅੰਦੋਲਨਾ ਅਤੇ ਦੰਗਿਆਂ ਦੇ ਬਾਵਜੂਦ ਪੂਰੀ ਚੇਤਨਤਾ ਅਤੇ ਤਾਕਤ ਦੇ ਨਾਲ ਅੱਜ ਵੀ ਖੜਾ ਹੈ।

ਇਹ ਸਾਰੀਆਂ ਪ੍ਰਾਪਤੀਆਂ ਭਾਰਤੀਆਂ ਲਈ ਕੋਈ ਚਮਤਕਾਰ ਤੋ ਘੱਟ ਨਾ ਹਨ ਜਿਨਾ ਜਰੂਰਤਾਂ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨਾ, ਪੂਰਾ ਕਰਨਾ ਅਜਾਦੀ ਤੋ ਪਹਿਲਾਂ ਗਰੀਬਾਂ ਅਤੇ ਮਜਲੂਮਾ ਲਈ ਸਪਨੇ ਵਾਂਗ ਸੀ।ਸੈਂਕੜੇ ਸਾਲ ਰੱਬ ਨੂੰ ਮਨਾਉਣ, ਆਪਣੇ ਪੱਖ ਕਰਨ ਜਾਂ ਆਪਣੇ ਹਲਾਤਾਂ ਤੋ ਮੁਕਤੀ ਦੀ ਯਾਚਨਾ ਪ੍ਰਾਰਥਣਾ ਕਰਦੇ ਗਰੀਬ ਮਜਲੂਮਾ ਦੀ ਕਿਸੇ ਸੁਣਵਾਈ ਨਾ ਕੀਤੀ।

ਇਹ ਸੰਵਿਧਾਨ ਹੀ ਹੈ ਕਿ ਅੱਜ ਇਕ ਔਰਤ, ਗਰੀਬ, ਮਜਲੂਮ, ਦਲਿਤ, ਕਿਰਤੀ ਅਤੇ ਘਟ ਗਿਣਤੀ ਦਾ ਨਿਮਾਨਾ ਵੀ ਆਪਣੇ ਆਪ ਨੂੰ ਕਮਜੋਰ ਨਹੀ ਸਮਝਦਾ ਬਲਕਿ ਹੱਕਾਂ ਲਈ ਲਾਮਬੰਦ ਹੋ ਕੇ ਸੰਘਰਸ਼ ਕਰਦਾ ਹੈ ਪ੍ਰੈਸ ਅਤੇ ਮੀਡੀਆ ਰਾਹੀਂ ਆਪਣੀਆਂ ਗਲਾਂ, ਮੰਗਾ ਅਤੇ ਵਿਚਾਰਾ ਨੂੰ ਦੂਰ ਦੂਰ ਤਕ ਫੈਲਾਉਦਾ ਹੈ ਅਤੇ ਨਵੇਂ ਜਨਵਿਵਰਸ਼ ਦੀ ਸਿ-ਰਜਨਾ ਕਰਦੇ ਹੋਏ ਹੱਕ ਨਾ ਦੇਣ ਵਾਲੀਆਂ ਸਰਕਾਰਾਂ ਨੂੰ ਹਰਾਉਂਦਾ ਅਤੇ ਮਨਭਾਉਂਦਿਆਂ ਨੂੰ ਜਿਤਉਂਦਾ ਹੈ। ਇਹ ਸੰਵਿਧਾਨ ਦੀ ਤਾਕਤ ਹੈ ਜਿਸਦੀ ਪ੍ਰਸ਼ੰਸਾ ਸਾਬਕਾ ਚੀਫ ਜਸਟਿਸ ਸੁਪਰੀਮ ਕੋਰਟ ਸ਼੍ਰੀ ਐਚ.ਐਸ. ਕਾਪੜੀਆ ਨੇ ਕਾਨੂੰਨ ਦੇ ਵਿਦਿਆਰਥੀਆਂ ਨੂੰ ਔਰੰਗਾਬਾਦ ਵਿਖੇ ਸੰਬੋਧਿਤ ਕਰਦੇ ਹੋਏ ਕੀਤੀ ਕਿ ਭਾਰਤੀਆਂ ਨੂੰ ਆਪਣੇ ਨਾਗਰਿਕ ਅਧਿ-ਕਾਰਾਂ ਦੀ ਜਾਣਕਾਰੀ ਲਈ ਸੰਵਿਧਾਨ ਲਾਜਮੀ ਤੋਰ ਤੇ ਪੜਣਾ ਚਾਹੀਦਾ ਹੈ। ਜੇਕਰ ਤੁਸੀਂ ਪੜੋਗੇ ਤਾਂ ਤੁਹਾਨੂੰ ਧਾਰਮਿਕ ਕਿਤਾਬਾਂ ਪੜਣ ਦੀ ਲੋੜ ਨਹੀ ਤੁਸੀ ਸੰਵਿਧਾਨ ਵਿਚੋ ਹੀ ਰਬ ਲਭ ਸਕਦੇ ਹੋ ਕਿਉਕਿ ਇਹੀ ਇਕੋ ਇਕ ਸਾਧਨ ਹੈ ਜੋ ਭਾਰਤੀਆਂ ਨੂੰ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੇ ਰਸਤੇ ਪਾਉਣ ਦੀ ਸਮਰੱਥਾ ਰੱਖਦਾ ਹੈ।

ਸੋ ਸਾਥੀਉ ਲੋੜ ਹੈ ਸਾਨੂੰ ਆਪਣੇ ਪੂਰਵਜਾਂ ਦੇ ਉਸ ਵਚਨ ਤੇ ਕਾਇਮ ਰਹਿਣ ਦੀ, ਆਪਣਾ ਭਰੋਸਾ ਕਾਇਮ ਰਖਣ ਅਤੇ ਸੰਵਿਧਾਨ ਦੇ ਪ੍ਰਤੀ ਪੂਰੀ ਨਿਸ਼ਠਾ ਦੇ ਨਾਲ ਖੜੇ ਹੋਣ ਦੀ ਕਿਉਂਕਿ ਸੰਵਿਧਾਨ ਹੀ ਸਾਡੇ ਪਾਸ ਇਕ ਸਾਂਝਾ ਸਾਧਨ ਹੈ ਜੋ ਮੋਜੂਦਾ ਪੂੰਜੀਵਾਦ ਅਤੇ ਫਿਰਕਾਪ੍ਰਸਤੀ ਦੇ ਦੌਰ ਤੋ ਸ਼ਾਂਤੀ, ਭਾਈਚਾਰਾ, ਤਰਕੀ ਅਤੇ ਖੁਸ਼ਹਾਲੀ ਵਲ ਲਿਜਾ ਸਕਦਾ ਹੈ।

# ਸਾਲ 2017 ਪੰਜਾਬ ਦੀ ਸੜਕਾਂ ਨੂੰ ਕਤਲਗਾਹ ਦਰਸਾਉਂਦਾ ਤੁਰ ਗਿਆ!

**(ਸਫਾ 19 ਦੀ ਬਾਕੀ)**

ਨੂੰ ਬਚਾਉਣ ਦੀ ਕੋਸ਼ਿਸ਼ 'ਚ ਕਾਰ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਡਿਵਾਈਡਰ ਨੂੰ ਕ੍ਰੋਸ ਕਰਦੇ ਹੋਏ ਦਰੱਖਤ ਨਾਲ ਜਾ ਵੱਜੀ, ਜਿਸ ਨਾਲ 3 ਲੜਕੀਆਂ ਦੀ ਮੌਤ ਹੋ ਗਈ।

15 ਸਤੰਬਰ ਨੂੰ ਬਰਨਾਲਾ ਤੋਂ ਬਾਜਾਖਾਨਾ ਜਾਣ ਵਾਲੀ ਸੜਕ 'ਤੇ ਵਾਪਰੇ ਇਕ ਭਿਆਨਕ ਹਾਦਸੇ ਨੇ 9 ਵਿਅਕਤੀਆਂ ਦੀ ਜਾਨ ਲੈ ਲਈ ਸੀ। ਮਰਨ ਵਾਲਿਆਂ 'ਚ 2 ਵੀ ਬੱਚੇ ਸ਼ਾਮਲ ਸਨ। ਬਰਨਾਲਾ-ਬਾਜਾਖਾਨਾ ਸੜਕ 'ਤੇ ਪੱਖੋ ਕੈਂਚੀਆਂ ਦੇ ਨੇੜੇ ਇਕ ਟਰੱਕ ਅਤੇ ਟਾਟਾ ਐੱਸ ਦਰਮਿਆਨ ਭਿਆਨਕ ਟੱਕਰ ਹੋ ਗਈ ਸੀ, ਜਿਸ ਦੇ ਨਤੀਜੇ ਵਜੋਂ 9 ਵਿਅਕਤੀਆਂ ਦੀ ਜਾਨ ਗਈ।

ਇਸੇ ਤਰ੍ਹਾਂ 8 ਸਤੰਬਰ ਨੂੰ ਵੀ ਨੂਰਮਹਿਲ ਦੇ ਨੇੜਲੇ ਪਿੰਡ ਕੰਦੌਲਾ ਵਿਚ ਵਾਪਰੇ ਭਿਆਨਕ ਹਾਦਸੇ ਵਿਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਸੀ। ਤਿੰਨੇ ਨੌਜਵਾਨ ਆਰੀਆ ਕਾਲਜ ਨੂਰਮਹਿਲ ਦੇ ਵਿਦਿਆਰਥੀ ਸਨ ਅਤੇ ਛੁੱਟੀ ਤੋਂ ਬਾਅਦ ਮੋਟਰਸਾਈਕਲ ਰਾਹੀਂ ਤਲਵਣ ਜਾ ਰਹੇ ਸਨ। ਜਿਵੇਂ ਹੀ ਉਕਤ ਨੌਜਵਾਨ ਪਿੰਡ ਕੰਦੌਲਾ ਨੇੜੇ ਪਹੁੰਚੇ ਤਾਂ ਪੰਜਾਬ ਰੋਡਵੇਜ਼ ਦੀ ਬੱਸ ਦੀ ਲਪੇਟ ਵਿਚ ਆ ਗਏ ਜਿਸ ਕਾਰਨ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸੇ ਤਰ੍ਹਾਂ 28 ਸਤੰਬਰ ਨੂੰ ਮੋਗਾ ਦੇ ਕੋਟਕਪੂਰਾ 'ਚ ਚਲਦੀ ਕਾਰ ਨੂੰ ਇਕ ਬੇਕਾਬੂ ਟਰੱਕ ਨੇ ਟੱਕਰ ਮਾਰ ਦਿੱਤੀ ਸੀ। ਇਸ ਭਿਆਨਕ ਹਾਦਸੇ 'ਚ ਡਰਾਈਵਰ ਸਮੇਤ ਇਕ ਹੀ ਪਰਿਵਾਰ ਦੇ 5 ਲੋਕਾਂ ਦੀ ਮੌਤ ਹੋ ਗਈ ਸੀ।

8 ਅਕਤੂਬਰ ਨੂੰ ਅੰਮ੍ਰਿਤਸਰ ਦੇ ਕਸਬਾ ਬਿਆਸ 'ਚ ਵਾਪਰੇ ਦਰਦਨਾਕ ਹਾਦਸੇ 'ਚ ਇਕ ਚਾਰ ਸਾਲ ਦੇ ਬੱਚੇ ਅਤੇ ਉਸ ਦੇ ਦਾਦਾ-ਦਾਦੀ ਦੀ ਮੌਤ ਹੋ ਗਈ। ਭੁਪਿੰਦਰ ਸਿੰਘ ਆਪਣੀ ਪਤਨੀ ਬਲਵਿੰਦਰ ਕੌਰ ਨਾਲ ਡਾਕਟਰ ਕੋਲ ਜਾ ਰਿਹਾ ਸੀ ਤਾਂ ਉਸ ਦੇ ਪੋਤੇ ਗੁਰਲਾਲ ਨੇ ਵੀ ਉਨ੍ਹਾਂ ਦੇ ਨਾਲ ਜਾਣ ਦੀ ਜ਼ਿੱਦ ਕੀਤੀ, ਜਿਸ ਤੋਂ ਬਾਅਦ ਉਹ ਉਸ ਨੂੰ ਆਪਣੇ ਨਾਲ ਐਕਟਿਵਾ 'ਤੇ ਲੈ ਗਏ। ਰਸਤੇ 'ਚ ਇਕ ਆਕਸੀਜ਼ਨ ਗੈਸ ਨਾਲ ਭਰਿਆ ਹੋਇਆ ਇਕ ਤੇਜ਼ ਰਫਤਾਰ ਟਰੱਕ ਆ ਰਿਹਾ ਸੀ ਜੋ ਡਿਵਾਇਡਰ ਦੇ ਨਾਲ ਜਾ ਟਕਰਾਇਆ ਅਤੇ ਪਲਟ ਕੇ ਸੜਕ ਦੇ ਦੂਜੇ ਪਾਸੇ ਚਲਾ ਗਿਆ, ਜਿੱਥੇ ਟਰੱਕ ਉਨ੍ਹਾਂ ਦੀ ਐਕਟੀਵਾ ਨਾਲ ਜਾ ਟਕਰਾਇਆ ਅਤੇ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਗੁਰਲਾਲ ਦੇ ਪਿਤਾ ਵਿਦੇਸ਼ 'ਚ ਰਹਿੰਦੇ ਹਨ ਅਤੇ ਉਹ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਇਸ ਹਾਦਸੇ ਕਾਰਨ ਪਰਿਵਾਰ ਦੇ ਮੈਂਬਰ ਸਦਮੇ 'ਚ ਹਨ ਅਤੇ ਉਹ ਡਰਾਈਵਰ ਦੀ ਗਲਤੀ ਨਾਲ ਵਾਪਰੇ ਇਸ ਹਾਦਸੇ 'ਚ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ ਦੀ ਮੰਗ ਕੀਤੀ ਸੀ। ਮੈਂਬਰਾਂ ਨੇ ਕਿਹਾ ਸੀ ਕਿ ਡਰਾਈਵਰ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।ਇਥੋਂ ਦੇ ਭੀਖੀ 'ਚ 17 ਅਕਤੂਬਰ ਨੂੰ ਵਾਪਰੇ ਭਿਆਨਕ ਸੜਕ ਹਾਦਸੇ 'ਚ 7 ਲੋਕਾਂ ਦੀ ਮੌਤ ਹੋ ਗਈ ਸੀ ਅਤੇ 7 ਲੋਕ ਜ਼ਖਮੀ ਹੋ ਗਏ ਸਨ। ਟੱਕਰ ਟਰੱਕ ਅਤੇ ਇਨੋਵਾ ਕਾਰ ਦੇ ਵਿੱਚਕਾਰ ਹੋਈ। ਇਨੋਵਾ ਕਾਰ 'ਚ ਸਵਾਰ 7 ਲੋਕ ਰਾਜਸਥਾਨ 'ਚ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾ ਰਹੇ ਸਨ। ਬੱਸ ਨੂੰ ਓਵਰਟੇਕ ਕਰਕੇ ਸਮੇਂ ਇਨੋਵਾ ਕਾਰ ਦੀ ਬੱਸ ਨਾਲ ਜ਼ਬਰਦਸਤ ਟੱਕਰ ਹੋ ਗਈ ਸੀ। ਇਸ ਹਾਦਸੇ 'ਚ ਕਾਰ ਦੇ ਪਰਖੱਚੇ ਤੱਕ ਉੱਡ ਗਏ ਸਨ।

ਇਸੇ ਤਰ੍ਹਾਂ 21 ਅਕਤੂਬਰ ਨੂੰ ਲੁਧਿਆਣਾ-ਚੰਡੀਗੜ੍ਹ ਰੋਡ 'ਤੇ ਕਾਰ ਅਤੇ ਬੱਸ ਵਿਚਾਲੇ ਹੋਈ ਭਿਆਨਕ ਟੱਕਰ ਵਿਚ ਇਕੋ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਸੀ। ਲੋਕਲਾਂ ਸਾਹਨੇਵਾਲ ਦਾ ਰਹਿਣ ਵਾਲਾ ਗੁਰਜਿੰਦਰ ਸਿੰਘ (42) ਆਪਣੀ ਪਤਨੀ ਅਨੂੰਰਾਧਾ (38), ਲੜਕੀ ਲਵਪ੍ਰੀਤ ਕੌਰ (16), ਪੁੱਤਰਾਂ ਮਨਪ੍ਰੀਤ (14) ਅਤੇ ਉਂਕਾਰ (7) ਸਾਲ ਨਾਲ ਕਾਰ 'ਚ ਸਵਾਰ ਹੋ ਕੇ ਕੁਰਾਲੀ 'ਚ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾ ਰਿਹਾ ਸੀ। ਜਿਵੇਂ ਹੀ ਉਹ ਲੁਧਿਆਣਾ-ਚੰਡੀਗੜ੍ਹ ਰੋਡ 'ਤੇ ਸਥਿਤ ਸੰਦਲੀ ਦਰਵਾਜ਼ਾ ਨੇੜੇ ਪਹੁੰਚੇ ਤਾਂ ਉਨ੍ਹਾਂ ਦੀ ਕਾਰ ਦੀ ਬੱਸ ਨਾਲ ਜ਼ੋਰਦਾਰ ਟੱਕਰ ਹੋ ਗਈ।

7 ਨਵੰਬਰ ਨੂੰ ਫਿਰੋਜ਼ਪੁਰ ਜ਼ਿਲੇ 'ਚ ਫਾਜ਼ਿਲਕਾ ਰੋਡ 'ਤੇ ਧੁੰਦ ਦੇ ਕਾਰਨ ਬੱਸ ਅਤੇ ਟਰੱਕ 'ਚ ਜ਼ਬਰਦਸਤ ਟੱਕਰ ਹੋਣ ਕਰਕੇ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਲੋਕ ਜ਼ਖਮੀ ਹੋ ਗਏ ਸਨ। ਪੰਜਾਬ ਸਰਕਾਰ ਵੱਲੋਂ ਮ੍ਰਿਤਕਾਂ ਲੋਕਾਂ ਦੇ ਪਰਿਵਾਰ ਵਾਲਿਆਂ ਨੂੰ ਇਕ ਲੱਖ ਰੁਪਏ ਦੇਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। ਇਸ ਦੇ ਨਾਲ ਹੀ ਜ਼ਖਮੀ ਲੋਕਾਂ ਦਾ ਸਰਕਾਰੀ ਖਰਚ 'ਤੇ ਇਲਾਜ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। 8 ਨਵੰਬਰ ਨੂੰ ਧੁਦ ਦੇ ਕਾਰਨ ਬਠਿੰਡਾ ਭੁੱਚੋਂ ਰੋਡ 'ਤੇ ਵਾਹਨਾਂ ਦੀ ਆਪਸੀ ਟੱਕਰ 'ਚ 9 ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਹ ਸਾਰੇ ਵਿਦਿਆਰਥੀ ਰਾਜਿੰਦਰਾ ਕਾਲਜ 'ਚ ਪੜ੍ਹਦੇ ਸਨ। ਬੱਸ ਖਰਾਬ ਹੋਣ ਕਰਕੇ ਸਾਰੇ ਵਿਦਿਆਰਥੀ ਹੇਠਾਂ ਉਤਰ ਗਏ ਸਨ ਅਤੇ ਇਸੇ ਦੌਰਾਨ ਇਕ ਤੇਜ਼ ਰਫਤਾਰ ਕੈਂਟਰ ਨੇ ਆਪਣੀ ਲਪੇਟ 'ਚ ਲੈ ਲਿਆ। ਵਿਦਿਆਰਥੀਆਂ 'ਚ ਤਿੰਨ ਮੁੰਡੇ ਅਤੇ 6 ਲੜਕੀਆਂ ਸ਼ਾਮਲ ਸਨ। ਇਸੇ ਤਰ੍ਹਾਂ 25 ਨਵੰਬਰ ਨੂੰ ਮੋਗਾ ਦੇ ਬਾਘਾਪੁਰਾਣਾ ਨੇੜੇ ਵਾਪਰੇ ਭਿਆਨਕ ਹਾਦਸੇ 'ਚ 5 ਲੋਕਾਂ ਦੀ ਮੌਤ ਹੋ ਗਈ ਸੀ। ਜਦਕਿ 5 ਜ਼ਖਮੀ ਹੋ ਗਏ ਸਨ। ਸਾਈਕਲ ਸਵਾਰ ਨੂੰ ਬਚਾਉਂਦੇ ਸਮੇਂ ਬੇਕਾਬੂ ਜੀਪ ਦਰੱਖਤ ਨਾਲ ਜਾ ਟਕਰਾਈ ਸੀ। ਹਾਦਸਾ ਇੰਨਾ ਭਿਆਨਕ ਸੀ ਕਿ ਮ੍ਰਿਤਕਾਂ ਦੇ ਚਿੱਥੜੇ ਤੱਕ ਉੱਡ ਗਏ ਸਨ। ਇਸੇ ਤਰ੍ਹਾਂ 26 ਨਵੰਬਰ ਨੂੰ ਤਪਾਮੰਡੀ 'ਚ ਕਾਰ ਅਤੇ ਮੋਟਰਸਾਈਕਲ ਵਿਚਕਾਰ ਟੱਕਰ ਹੋਣ ਕਰਕੇ ਪਤੀ-ਪਤਨੀ ਅਤੇ ਬੱਚੇ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਾਦਸੇ 'ਚ ਮੋਟਰਸਾਈਕਲ ਕਾਰ 'ਚ ਫੱਸ ਗਿਆ ਸੀ ਅਤੇ ਕਾਰ ਮੋਟਰਸਾਈਕਲ ਨੂੰ ਘੜੀਸਦੀ ਹੋਈ ਖੇਤਾਂ 'ਚ ਜਾ ਕੇ ਪਲਟ ਗਈ ਸੀ। ਕਾਰ 'ਚ ਸਵਾਰ ਇਕ ਹੋਰ ਵਿਅਕਤੀ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ ਸੀ।

ਇਥੋਂ ਦੇ ਕੋਟਕਪੂਰਾ ਰੋਡ 'ਤੇ 7 ਦਸੰਬਰ ਨੂੰ ਪ੍ਰਾਈਵੇਟ ਕੰਪਨੀ ਵਿਜੇ ਦੀ ਬੱਸ ਦੀ ਟੱਕਰ ਇਕ ਟਰੱਕ ਨਾਲ ਹੋ ਗਈ ਸੀ, ਜਿਸ ਨਾਲ 4 ਲੋਕਾਂ ਦੀ ਮੌਤ ਹੋ ਗਈ ਸੀ ਅਤੇ 17 ਦੇ ਕਰੀਬ ਸਵਾਰੀਆਂ ਜ਼ਖਮੀ ਹੋ ਗਈਆਂ ਸਨ। ਮੌਕੇ 'ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕੋਟਕਪੂਰਾ ਤੋਂ ਮੋਗਾ ਰੋਡ 'ਤੇ ਪਿੰਡ ਸਿੰਘਾਵਾਲਾ ਦੇ ਨਜ਼ਦੀਕ ਤੇਜ਼ ਰਫਤਾਰ ਆ ਰਹੀ ਬੱਸ ਨੇ ਅੱਗੇ ਜਾ ਰਹੇ ਟਰੱਕ ਦੇ ਪਿੱਛੇ ਟੱਕਰ ਮਾਰ ਦਿੱਤੀ।

ਇਸੇ ਤਰ੍ਹਾਂ 26 ਦਸੰਬਰ ਨੂੰ ਪਟਿਆਲਾ ਦੇ ਚੀਕਾ ਰੋਡ 'ਤੇ ਧੁੰਦ ਦੇ ਕਾਰਨ ਵਾਪਰੇ ਦਰਦਨਾਕ ਹਾਦਸੇ 'ਚ 4 ਲੋਕਾਂ ਦੀ ਮੌਤ ਹੋ ਗਈ ਸੀ। ਪਟਿਆਲਾ ਤੋਂ ਆ ਰਹੀ ਇਨੋਵਾ ਗੱਡੀ ਨੂੰ ਸਾਹਮਣੇ ਤੋਂ ਆ ਰਹੇ ਟਰੱਕ ਨੇ ਟੱਕਰ ਮਾਰ ਦਿੱਤੀ ਸੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਗੱਡੀ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਅਤੇ ਗੱਡੀ 'ਚ ਸਵਾਰ 8 ਲੋਕਾਂ 'ਚੋਂ 4 ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੱਡੀ 'ਚ ਸਵਾਰ ਲੋਕ ਹਰਿਆਣਾ ਦੇ ਰਿਵਾੜੀ ਇਲਾਕੇ ਦੇ ਰਹਿਣ ਵਾਲੇ ਸਨ ਅਤੇ ਪਟਿਆਲਾ 'ਚ ਕਿਸੇ ਸਮਾਰੋਹ 'ਚ ਸ਼ਾਮਲ ਹੋਣ ਲਈ ਆਏ ਸਨ।

ਇਸੇ ਤਰ੍ਹਾਂ 27 ਦਸੰਬਰ ਨੂੰ ਹੁਸ਼ਿਆਰਪੁਰ-ਚੰਡੀਗੜ੍ਹ ਰੋਡ 'ਤੇ ਪਿੰਡ ਹੰਦੋਵਾਲ ਨੇੜੇ ਬੁੱਧਵਾਰ ਨੂੰ ਇਕ ਟਰੈਕਟਰ ਅਤੇ ਐਕਟਿਵਾ ਵਿਚਕਾਰ ਹੋਈ ਭਿਆਨਕ ਟੱਕਰ 'ਚ ਐਕਟਿਵਾ ਸਵਾਰ ਪਤੀ-ਪਤਨੀ ਸਮੇਤ ਟਰੈਕਟਰ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਹ ਹਾਦਸਾ ਉਸ ਸਮੇਂ ਵਾਪਰਿਆ ਸੀ ਜਦੋਂ ਪਤੀ-ਪਤਨੀ ਆਪਣੇ ਜਠੇਰਿਆਂ 'ਤੇ ਮੱਥਾ ਟੇਕਣ ਜਾ ਰਹੇ ਸਨ। ਪਟਿਆਲਾ ਮੁੱਖ ਮਾਰਗ 'ਤੇ 30 ਦਸੰਬਰ ਨੂੰ ਵਾਪਰੇ ਭਿਆਨਕ ਹਾਦਸੇ ਦੌਰਾਨ 3 ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਪੀ. ਆਰ. ਟੀ. ਸੀ. ਦੀ ਬੱਸ ਅਤੇ ਟੱਕਰ ਦੀ ਆਪਸ 'ਚ ਟੱਕਰ ਹੋ ਗਈ, ਜਿਸ ਦੌਰਾਨ 3 ਲੋਕਾਂ ਨੇ ਤਾਂ ਮੌਕੇ 'ਤੇ ਦਮ ਤੋੜ ਦਿੱਤਾ, ਜਦੋਂ ਕਿ ਬੱਸ 'ਚ ਸਵਾਰ ਡੇਢ ਦਰਜਨ ਸਵਾਰੀਆਂ ਜ਼ਖਮੀ ਹੋ ਗਈਆਂ। ਜ਼ਖਮੀ ਹੋਏ ਲੋਕਾਂ ਨੂੰ ਭਵਾਨੀਗੜ੍ਹ ਦੇ ਹਸਪਤਾਲ 'ਚ ਭਰਤੀ ਕਰਾਇਆ ਗਿਆ।

ਦਸੰਬਰ ਮਹੀਨਾ ਪੰਜਾਬ ਦੀਆਂ ਸੜਕਾਂ ਤੇ ਸਭ ਤੋਂ ਵੱਧ ਖ਼ਤਰਨਾਕ ਰਿਹਾ।ਪੰਜਾਬ ਦੀਆਂ ਸੜਕਾ ਤੇ ਜਿਸ ਹਿਸਾਬ ਨਾਲ ਮੋਟਰ-ਕਾਰਾਂ ਵੱਧ ਰਹੀਆਂ ਹਨ ਪੰਜਾਬ ਸਰਕਾਰ ਨੂੰ ਪੁਲਿਸ ਨੂੰ ਸਪੈਸ਼ਲ ਟਰੇਨਿੰਗ ਮੁਹੱਈਆ ਕਰਵਾਉਣੀ ਚਾਹੀਦੀ ਹੈ ਤਾਂ ਜੋ ਉਹਨਾਂ ਨੂੰ ਖ਼ੁਦ ਨੂੰ ਟ੍ਰੈਫ਼ਿਕ ਰੂਲਾਂ ਸਬੰਧੀ ਜਾਣਕਾਰੀ ਹੋਵੇ ਕਿ ਇਕੱਲੇ ਸੜਕਾ ਤੇ ਖੜਕੇ ਪੇਪਰ ਚਿੱਕ ਕਰਕੇ ਚਲਾਣ ਕੱਟਣੇ ਹੀ ਓਹਨਾਂ ਦੀ ਜੌਬ ਨਹੀਂ ਬਲਕਿ ਸੜਕਾਂ ਤੇ ਬਿਨਾਂ ਮਤਲਬ ਤੋਂ ਖੜੇ ਟਰੱਕ ਜਿਹੜੇ ਕਿ ਮੌਤ ਨੂੰ ਅਵਾਜ਼ਾਂ ਮਾਰਦੇ ਨੇ ਉਹਨਾਂ ਨੂੰ ਸੜਕ ਤੋਂ ਲਾਂਭੇ ਕਰਨਾ ਵੀ ਪੁਲਿਸ ਦੀ ਡਿਊਟੀ ਹੈ। ਤੇਜ਼ ਰਫ਼ਤਾਰ ਕਾਰਾ, ਸ਼ਰਾਬੀ ਡਰਾਇਵਰਾਂ ਨੱਥ ਪਾਉਣਾ ਵੀ ਪੁਲਿਸ ਦੀ ਜ਼ੁੰਮੇਵਾਰੀ ਹੈ। ਲੋਕਾਂ ਨੂੰ ਸਹੀ ਤਰੀਕੇ ਨਾਲ ਲਾਈਨ ਵਰਤਣ ਸਿਖਾਉਣਾ ਖ਼ਤਰਨਾਕ ਤਰੀਕੇ ਦੇ ਮੋੜ ਕੱਟਣ ਤੋਂ ਰੋਕਣਾ ਵੀ ਟ੍ਰੈਫ਼ਿਕ ਪੁਲਿਸ ਲਈ ਚੈਲਿੰਜ ਹੈ। ਖ਼ਤਰਨਾਕ ਬੱਸਾਂ ਜੋ ਪੰਜਾਬ ਦੀਆਂ ਸੜਕਾ ਤੇ ਦਨਦਨਾਉਂਦੀਆਂ ਹਨ ਉਹਨਾਂ ਨੂੰ ਰੋਕਣਾ ਵੀ ਪੁਲਿਸ ਦੀ ਡਿਊਟੀ ਹੈ। ਧੁੰਦ ਆਦਿ ਦੇ ਖ਼ਤਰੇ, ਸੜਕਾਂ ਤੇ ਹੌਲੀ ਚੱਲਦੇ ਬੈਲ ਗੱਡੀ, ਟ੍ਰੈਕਟਰ ਟ੍ਰਾਲੀਆਂ, ਸਾਈਕਲ ਸਵਾਰਾਂ, ਮੋਟਰ ਸਾਈਕਲ ਚਾਲਕਾਂ ਆਦਿ ਨੂੰ ਲੈਕੇ ਵੀ ਪੁਲਿਸ ਨੂੰ ਲੋਕਾਂ ਨੂੰ ਜਾਗੁਰਕ ਕਰਨਾ ਚਾਹੀਦਾ ਹੈ। ਪ੍ਰਸ਼ਾਸਨ ਨੂੰ ਮੌਡਰਨ ਡਰਾਈਵਿੰਗ ਸਬੰਧੀ ਸਖ਼ਤ ਕਨੂੰਨ ਬਣਾਉਣੇ ਚਾਹੀਦੇ ਨੇ ਜੀਹਦੇ ਵਿੱਚ ਕਸੂਰਵਾਰ ਡਰਾਇਵਰਾਂ ਨੂੰ ਸਖ਼ਤ ਸਜ਼ਾ ਦੀ ਵਿਵਸਥਾ ਹੋਵੇ। ਨਹੀਂ ਤਾਂ ਸਾਲ ਬਦਲਦੇ ਰਹਿਣਗੇ ਲੋਕ ਮਰਦੇ ਰਹਿਣਗੇ ਇਹਨੂੰ ਰੱਬ ਦੀ ਕਰਨੀ ਨਹੀਂ ਸਮਝਣਾ ਚਾਹੀਦਾ ਸਗੋਂ ਕਸੂਰਵਾਰ ਲੋਕਾਂ ਨੂੰ ਸਜ਼ਾਵਾਂ ਹੋਣੀਆਂ ਚਾਹੀਦੀਆਂ ਤਾਂ ਜੋ ਪੰਜਾਬ ਦੀਆਂ ਸੜਕਾ ਤੇ ਗੁਸਤਾਖ਼ ਡਰਾਈਵਰਾਂ ਦੁਆਰਾ ਹੁੰਦੇ ਕਤਲਾਂ ਨੂੰ ਰੋਕਿਆ ਜਾ ਸਕੇ।

# ਸਾਹਿਤਕ ਪੈੜਾਂ- ਨਵੇਂ ਸਾਲ ਦੀਆਂ ਕੁਝ ਰਚਨਾਵਾਂ

## ਨਵਾਂ ਸਾਲ ਮੁਬਾਰਕ ਹੋਵੇ

ਕਿਸੇ ਅੱਖ 'ਚੋਂ ਹੰਝੂ ਨਾ ਚੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।

ਮਿਹਨਤ ਦਾ ਜੇ ਮੁੱਲ ਮਿਲ ਜਾਵੇ
ਪਤਝੜ ਦੇ ਵਿਚ ਫੁੱਲ ਖਿਲ ਜਾਵੇ।
ਟੁੱਕ ਦੀ ਖਾਤਰ ਕੋਈ ਨਾ ਰੋਵੇ।
ਸਭ ਨੂੰ ਸਾਲ ਮੁਬਾਰਕ ਹੋਵੇ।

ਪੁੱਤ ਦੀ ਖਾਤਰ ਧੀ ਨਾ ਮਾਰੋ,
ਧੀਆਂ ਨੂੰ ਵੀ ਸਭ ਸਤਿਕਾਰੋ।
ਜੋ ਵੀ ਇਨ੍ਹਾਂ ਦੇ ਹੱਕ 'ਚ ਖਲੋਵੇ।
ਸਭ ਨੂੰ ਸਾਲ ਮੁਬਾਰਕ ਹੋਵੇ।

ਝੂਠ ਕੁਫਰ ਬੇਈਮਾਨੀ ਛੱਡੀਏ,
ਭੇਦ ਭਾਵ ਸਭ ਦਿਲਾਂ 'ਚੋਂ ਕੱਢੀਏ।
ਦਿਲਾਂ 'ਚੋਂ ਜਿਹੜੇ ਮੈਲਾਂ ਧੋਵੇ।
ਸਭ ਨੂੰ ਸਾਲ ਮੁਬਾਰਕ ਹੋਵੇ।

ਯੁੱਗ ਵਿਗਿਆਨਕ ਚਲਦਾ ਫਿਰ ਵੀ,
ਅੰਧ ਵਿਸ਼ਵਾਸ ਨਾ ਟਲਦਾ ਫਿਰ ਵੀ।
ਜੋ ਵਿਗਿਆਨਕ ਸੋਚ ਨਾ ਖੋਹਵੇ।
ਸਭ ਨੂੰ ਸਾਲ ਮੁਬਾਰਕ ਹੋਵੇ।

ਕਿਸੇ ਅੱਖ ਤੋਂ ਹੰਝੂ ਨਾ ਚੋਵੇ,
ਸਭ ਨੂੰ ਸਾਲ ਮੁਬਾਰਕ ਹੋਵੇ।

– ਮਦਨ ਬੰਗੜ

## ਨਵੇਂ ਵਰ੍ਹੇ ਦੀ ਆਮਦ ਹੈ

ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ
ਵੈਰੀ ਨੂੰ ਵੀ ਗਲੇ ਲਗਾਵੇ ਨਵੇਂ ਵਰ੍ਹੇ ਦੀ ਆਮਦ ਹੈ

ਵੀਹ ਸੌ ਸਤਾਰਾਂ ਗੁਜਰ ਗਿਆ ਹੁਣ ਭੁੱਲ ਜਾਵੋ,
ਧਰਤੀ ਅੰਬਰ ਵਾਂਗਰਾਂ ਤੁਸੀਂ ਵੀ ਖੁੱਲ੍ਹ ਜਾਵੋ।
ਬੀਤੀਆਂ ਬਾਤਾਂ ਦਿਲੋਂ ਭੁਲਾਵੋ ਨਵੇਂ ਵਰ੍ਹੇ ਦੀ ਆਮਦ ਹੈ।
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹ।

ਮਸਲਾ ਹਾਲੇ ਹੱਲ ਨੀ ਹੋਇਆ ਕੁੱਲੀ, ਗੁੱਲੀ, ਜੁੱਲੀ ਦਾ,
ਦੌਲਤ, ਸ਼ੋਹਰਤ ਮਿਲ ਜਾਵੇ ਤਾਂ ਬੀਤਿਆ ਵਕਤ ਨੀ ਭੁੱਲੀ ਦਾ।
ਯਾਰੀ ਸਭ ਦੇ ਨਾਲ ਨਿਭਾਵੇ ਨਵੇਂ ਵਰ੍ਹੇ ਦੀ ਆਮਦ ਹੈ।
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ।

ਇਕ ਹੋ ਜਾਵਣ ਮਹੱਲ ਤੇ ਢਾਰੇ, ਮਿੱਠੇ ਹੋ ਜਾਣ ਪਾਣੀ ਖਾਰੇ,
ਮਿਟ ਜਾਵਣ ਇਹ ਜਾਤਾਂ ਪਾਤਾਂ ਇਕ ਹੋ ਜਾਵਣ ਸਭ ਭਾਈਚਾਰੇ।
ਦਿਲਾਂ ਦੇ ਵਿਚੋਂ ਵੈਰ ਮਿਟਾਵੋ ਨਵੇਂ ਵਰ੍ਹੇ ਦੀ ਆਮਦ ਹੈ।
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ।

ਹੱਦਾਂ ਤੇ ਸਰਹੱਦਾਂ ਉਤੇ ਖੂਨ ਡੋਲਣਾ ਬੰਦ ਕਰੀਏ,
ਪਿਆਰ ਮੁਹੱਬਤ ਦੀ ਹੁਣ ਆਪਾਂ ਪੱਕੀ ਕੋਈ ਤੰਦ ਕਰੀਏ,
ਰਲ ਮਿਲ ਰਹਿਣਾ ਕਸਮਾਂ ਖਾਵੋ ਨਵੇਂ ਵਰ੍ਹੇ ਦੀ ਆਮਦ ਹੈ।
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ।

–ਮਦਨ ਬੰਗੜ (91-95015-75511)

## ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ

ਜਦੋਂ ਮਿਟੂ ਜਾਤਾ-ਪਾਤਾਂ ਵਾਲੀ ਖਾਈ ਦੋਸਤੋ,
ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ ਦੋਸਤੋ।

ਜਦੋਂ ਅੰਧ ਵਿਸ਼ਵਾਸਾਂ ਨਬੇੜੇ ਹੋਣਗੇ,
ਜਦੋਂ ਦੂਰ ਅਗਿਆਨਤਾ ਹਨੇਰੇ ਹੋਣਗੇ।
ਜਦੋਂ ਰਹੂ ਨਾ ਕੋਈ ਇੱਥੇ ਕਰਜਾਈ ਦੋਸਤੋ।
ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ ਦੋਸਤੋ।

ਊਚ-ਨੀਚ ਰੰਗ-ਭੇਦ ਵਾਲਾ ਪਾਟੂ ਕਦੋਂ ਸਫਾ,
ਹਰ ਗੱਲ ਪਿੱਛੇ ਲੋਚਣਾ ਹੈ ਛੱਡ ਦਈਏ ਨਫਾ।
ਅੱਗ ਧਰਮਾਂ ਦੀ ਜਾਵੇ ਇਹ ਬੁਝਾਈ ਦੋਸਤੋ।
ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ ਦੋਸਤੋ।

ਮਸਾਂ ਸਦੀਆਂ ਤੋਂ ਜਾਗੇ ਸੀਗੇ ਭਾਗ ਸਾਡੇ ਸੁੱਤੇ,
ਅਸਾਂ ਡੋਰੀ ਸੁੱਟ ਦਿੱਤੀ ਸਦਾ ਰਹਿਬਰਾਂ ਦੇ ਉਤੇ।
ਮਿਲੇ ਰਹਿਬਰ ਹਮੇਸ਼ਾ ਹੀ ਕਸਾਈ ਦੋਸਤੋ।
ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ ਦੋਸਤੋ।

ਐਸੀ ਦੁਨੀਆਂ ਉਹ ਹੋਵੇ ਜਿੱਥੇ ਹੋਵੇ ਇਕੋ ਜਾਤ,
ਨਾ ਹੀ ਰੰਗ ਨਾ ਹੀ ਭੇਦ ਨਾ ਹੀ ਹੋਵੇ ਕੋਈ ਜਮਾਤ।
ਜਾਵੇ ਐਸੀ ਇਕ ਦੁਨੀਆਂ ਵਸਾਈ ਦੋਸਤੋ,
ਨਵੇਂ ਸਾਲ ਦੀ ਫਿਰ ਦੇਵਾਂਵੇ ਵਧਾਈ ਦੋਸਤੋ।

ਤੋਲ ਹੋਵੇ ਤੇਰਾਂ-ਤੇਰਾਂ ਨਾ ਹੀ ਤੇਰਾ ਨਾ ਹੀ ਮੇਰਾ,
ਨਾ ਇਹ ਕੋਠੀਆ ਲਾ ਕੋਠੇ ਹੋਵੇ ਦਿਲਾਂ 'ਚ ਬਸੇਰਾ।
ਹੋਵੇ ਦਸਾਂ ਨਹੁੰਆਂ ਵਾਲੀ ਹੀ ਕਮਾਈ ਦੋਸਤੋ,
ਨਵੇਂ ਸਾਲ ਦੀ ਫਿਰ ਦੇਵਾਂਗੇ ਵਧਾਈ ਦੋਸਤੋ।

– ਮਦਨ ਬੰਗੜ

## ਨਵਾਂ ਸਾਲ

ਨਵੇਂ ਸਾਲ ਦਾ ਜਸ਼ਨ ਮਨਾਈਏ,
ਚੱਲ ਨੱਥ ਮਹਿੰਗਾਈ ਨੂੰ ਪਾਈਏ,
ਦਾਲ ਰੋਟੀ ਘਰ ਦੀ
ਦੀਵਾਲੀ ਅੰਮ੍ਰਿਤਸਰ ਦੀ
ਇਹ ਕਹਾਵਤ ਸੱਚ ਕਰ ਜਾਈਏ,
ਖ਼ਰਚ ਨੂੰ ਛੱਡ ਕੇ ਪਿੱਛੇ
ਰਲ ਮਿਲ ਸਾਰੇ ਜਸ਼ਨ ਮਨਾਈਏ,
ਨਵੇਂ ਸਾਲ ਦਾ ਜਸ਼ਨ ਮਨਾਈਏ,
ਵਿਆਹਾਂ ਦੇ ਖ਼ਰਚੇ ਘਟਾਈਏ
ਨਾ ਵੱਡੀ ਜੰਝ ਬਰਾਤੇ ਆਵੇ
ਨਾ ਕੋਈ ਬਾਪੂ ਕਰਜ਼ਾ ਚੁੱਕੇ
ਨਾ ਕੋਈ ਧੀ ਕਿਸੇ ਦੀ ਫੂਕੇ......
ਕਿਸੇ ਦਾ ਮੁੰਡਾ ਕਿਸੇ ਦੀ ਧੀ
ਤੂੰ ਦੱਸ ਵਿਚੋਂ ਲੈਣਾ ਕੀ?
ਨਾ ਵਿਚ ਕੋਈ ਵਿਚੋਲਾ ਪਾਈਏ
ਚੱਲ ਨਵੇਂ ਸਾਲ ਦਾ ਜਸ਼ਨ ਮਨਾਈਏ
ਨਾ ਕੋਈ ਦਾਜ ਨਾ ਦਹੇਜ
ਨਾ ਕੋਈ ਕੁਰਸੀ ਨਾ ਕੋਈ ਮੇਜ਼
ਤੇਰੇ ਗੁਤਨੀ ਮੈਂ ਕਰਦਾ ਜੂੜਾ
ਤੂੰ ਮੇਰੀ ਸਿੱਖਿਆ ਮੈਂ ਤੇਰਾ ਸਿਹਰਾ
ਨਾ ਕੋਈ ਵਾਜਾ ਨਾ ਕੋਈ ਡੰਮ੍ਹ ਡੰਮ੍ਹ
ਆਜਾ ਦੋਨੋਂ ਨੱਚੀਏ ਛੰਮ ਛੰਮ
ਆਪੇ ਕੱਢੀਏ ਰੋਜ਼ਗਾਰ ਦੇ ਮੌਕੇ
ਮੱਕੀ ਦੀ ਰੋਟੀ ਆਲੂ ਦੇ ਪਰੌਂਠੇ
ਨੌਕਰੀ ਨਹੀਂ ਤਾਂ ਪਾਈਏ ਢਾਬਾ
ਨਾ ਕਿਸੇ ਦੀ ਝਿੜਕ ਨਾ ਕਿਸੇ ਦਾ ਦਾਬਾ
ਆਲੂ ਮਟਰਾਂ ਨਾਲ ਗੋਭੀ ਰਲਗੀ
ਦਾਲ ਮਾਂਹ ਦੀ ਮੁਰਗੇ ਵਰਗੀ
ਤੜਕਾ ਲਸਣ ਦਾ ਅਸੀਂ ਲਾਈਏ
ਨਵੇਂ ਸਾਲ ਦਾ ਜਸ਼ਨ ਮਨਾਈਏ
ਛੋਟਾ ਪਰਿਵਾਰ ਸੁਖੀ ਪਰਿਵਾਰ
ਦੇਸ਼ ਦੀ ਸਰਕਾਰ ਤੇ ਨਾ ਪਾਈਏ ਭਾਰ
ਆਪਣਾ ਖਰਚਾ ਆਪ ਉਠਾਈਏ
ਚੱਲ ਨਵੇਂ ਸਾਲ ਦਾ ਜਸ਼ਨ ਮਨਾਈਏ
ਆਓ ਭ੍ਰਿਸ਼ਟਾਚਾਰ ਘਟਾਈਏ
ਰਿਸ਼ਵਤਖ਼ੋਰੀ ਜੜ੍ਹੋਂ ਮਿਟਾਈਏ
ਸੁੱਤੀ ਰਾਜਨੀਤੀ ਜਗਾਈਏ
ਬੁੱਢੀ ਦੀ ਥਾਂ ਨੌਜਵਾਨ ਨੇਤਾ ਲਿਆਈਏ
ਜੋਸ਼ ਨਾਲ ਫਿਰ ਜੋ ਨੇ ਅਧੂਰੇ
ਸਾਰੇ ਹੀ ਅਸੀਂ ਕੰਮ ਕਰ ਜਾਈਏ
ਦੇਸ਼ ਨੂੰ ਤਰੱਕੀ ਦਾ ਰਾਹ ਦਿਖਾਈਏ
ਨਵੇਂ ਸਾਲ ਦਾ ਜਸ਼ਨ ਮਨਾਈਏ
ਨਾ ਇੱਥੇ ਕੋਈ ਸੌਂਵੇਂ ਭੁੱਖਾ
"ਭੱਟ" ਗ਼ਰੀਬੀ ਨੂੰ ਅਸੀਂ ਜੜ੍ਹੋਂ ਮਿਟਾਈਏ।

– ਹਰਮਿੰਦਰ ਸਿੰਘ ਭੱਟ
91-99140-62205



## ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ

ਕੁਝ ਦੁੱਖਾਂ ਭਰਿਆ ਤੇ ਕੁਝ ਸੁੱਖਾਂ ਭਰਿਆ
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।
ਸਭ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਦੇਵੇ
ਸਾਲ ਨਵਾਂ ਵੀਹ ਸੌ ਅਠਾਰਾਂ ਜੀ।
ਕੁਝ ਦੁੱਖਾਂ ਭਰਿਆ ਤੇ ਕੁਝ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।

ਨਵੇਂ ਸਾਲ ਦੀ ਸਭ ਨੂੰ ਵਧਾਈ ਹੋਵੇ,
ਤੇ ਖੁਸ਼ੀਆਂ ਸਭਨਾਂ ਦੇ ਵਿਹੜਿਆਂ 'ਚ ਢੁੱਕਣ ਜੀ।
ਸੁੱਖਾਂ ਭਰੀ ਜ਼ਿੰਦਗੀ ਰੱਬ ਸਭ ਨੂੰ ਦੇਵੇ,
ਤੇ ਦੁੱਖ ਦਰਦ ਜੜ੍ਹੋਂ ਹੀ ਮੁੱਕਣ ਜੀ।
ਰੱਬਾ ਖੁਸ਼ੀਆਂ ਦੇ ਮੀਂਹ ਵਰ੍ਹਾ ਦੇਵੀਂ,
ਤੇ ਕਿਤੇ ਪੈਣ ਨਾ ਗਮਾਂ ਦੀਆਂ ਮਾਰਾਂ ਜੀ।
ਕੁਝ ਦੁੱਖਾਂ ਭਰਿਆ ਤੇ ਕੁਝ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।

ਨਵੇਂ ਸਾਲ ਦਾ ਅਸੂਲ ਬਣਾ ਲਈਏ,
ਨਾਲੇ ਹੱਸੀਏ ਤੇ ਨਾਲੇ ਹਸਾ ਲਈਏ।
ਜਿਹੜੇ ਗੁੱਸੇ ਹੋ ਕੇ ਪਰ੍ਹੇ ਬੈਠ ਗਏ,
ਜਾ ਕੇ ਉਹਨਾਂ ਨੂੰ ਆਪ ਮਨਾ ਲਈਏ।
ਜਦ ਰਲ ਮਿਲ ਸਾਰੇ ਬੈਠ ਜਾਈਏ,
ਫੇਰ ਵਿਚ ਵਿਹੜਿਆਂ ਆਉਣ ਬਹਾਰਾਂ ਜੀ।
ਕੁਝ ਦੁੱਖਾਂ ਭਰਿਆ ਤੇ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।

ਦਾਰੂ, ਨਸ਼ਾ ਬੰਦੇ ਨੂੰ ਖਾ ਜਾਂਦਾ
ਤੇ ਇਹੋ ਘਰਾਂ ਦਿਆਂ ਕਰੇ ਤਬਾਹੀਆਂ ਜੀ।
ਕਈਆਂ ਘਰਾਂ ਦੇ ਚਿਰਾਗ ਬੁਝਾ ਦਿੱਤੇ,
ਤੇ ਕਈਆਂ ਘਰਾਂ 'ਚ ਪਈਆਂ ਲੜਾਈਆਂ ਜੀ।
ਰੱਬ ਅੱਗੇ ਅਰਦਾਸਾਂ ਕਰ ਲਈਏ,
ਅਗਲੇ ਸਾਲ ਨਾ ਪੈਣ ਇਹ ਮਾਰਾਂ ਜੀ।

ਕੁਝ ਦੁੱਖ ਭਰਿਆ ਤੇ ਕੁਝ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।

ਮੌਕੇ ਖੁਸ਼ੀਆਂ ਦੇ ਜਦ ਆਉਂਦੇ ਨੇ
ਰਲ ਮਿਲ ਸਾਰੇ ਉਦੋਂ ਬਹਿਨੇ ਆਂ।
ਯਾਰ ਦੋਸਤ, ਭੈਣ-ਭਰਾ ਸਾਡੇ ਆ ਜਾਵਣ,
ਰਾਹ ਤੱਕਦੇ ਆਪ ਰਹਿਨੇ ਆਂ।
ਇਹ ਰਿਸ਼ਤੇ ਬੜੇ ਅਨਮੋਲ ਹੁੰਦੇ
ਤੇ ਕੌਡੀ ਇਹਨਾਂ ਬਿਨ ਲੱਖਾਂ ਹਜ਼ਾਰਾਂ ਜੀ।
ਕੁੱਖ ਦੁੱਖਾਂ ਭਰਿਆ ਤੇ ਕੁਝ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।

ਇਕ ਬੇਨਤੀ 'ਧਾਮੀ' ਪਿੱਪਲਾਂਵਾਲੀਆ ਕਰਦਾ
ਰਲ ਮਿਲ ਕੇ ਖੁਸ਼ੀਆਂ ਮਨਾਈਏ ਜੀ।
ਪਰ ਉਸ ਦਾਤੇ ਅੱਗੇ ਅਰਦਾਸ ਕਰਨੀ,
ਐਵੇਂ ਤੁਸੀਂ ਨਾ ਕਿਤੇ ਭੁੱਲ ਜਾਇਓ ਜੀ।
ਸ਼ੁਕਰ ਕਰੋ ਸਤਾਰਾਂ ਸਾਲ ਲੰਘਣ ਦਾ,
ਤੇ ਅਰਦਾਸ ਕਰੋ ਲੰਘੇ, ਸਾਲ ਸੁੱਖਾਂ ਦਾ ਅਠਾਰਾਂ ਜੀ।
ਕੁਝ ਦੁੱਖਾਂ ਭਰਿਆ ਤੇ ਕੁਝ ਸੁੱਖਾਂ ਭਰਿਆ,
ਸਾਲ ਬੀਤ ਗਿਆ ਵੀਹ ਸੌ ਸਤਾਰਾਂ ਜੀ।
ਸਭ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਦੇਵੇ,
ਸਾਲ ਨਵਾਂ ਵੀਹ ਸੌ ਅਠਾਰਾਂ ਜੀ।



– ਜੁਗਿੰਦਰ ਧਾਮੀ
ਪਿੱਪਲਾਂਵਾਲੀਆ
530-844-0987

# ਪੰਜਾਬੀ ਸਾਹਿਤ ਸਭਾ ਆਦਮਪੁਰ ਦੁਆਬਾ ਵੱਲੋਂ ਡਾ. ਬਲਦੇਵ ਸਿੰਘ ਬੱਦਨ ਨਾਲ ਰੂਬਰੂ ਸਮਾਗਮ ਆਯੋਜਿਤ

**ਅਲਾਵਲਪੁਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਆਦਮਪੁਰ ਦੁਆਬਾ ਵੱਲੋਂ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਅਨੁਵਾਦਕ ਡਾ. ਬਲਦੇਵ ਸਿੰਘ ਬੱਦਨ ਨਾਲ ਇਕ ਪ੍ਰਭਾਵਸ਼ਾਲੀ ਅਤੇ ਭਾਵਪੂਰਨ ਰੂਬਰੂ ਸਮਾਗਮ ਆਦਮਪੁਰ ਵਿਖੇ ਆਯੋਜਿਤ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਵੱਖ ਵੱਖ ਇਲਾਕਿਆਂ ਤੋਂ ਸਾਹਿਤਕਾਰਾਂ, ਲੇਖਕਾਂ, ਅਦੀਬਾਂ ਅਤੇ ਕਵੀਆਂ ਨੇ ਭਾਗ ਲਿਆ। ਡਾ. ਬੱਦਨ ਨੇ ਾਪਣੇ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬੀ ਜ਼ੁਬਾਨ ਦੀ ਮੌਜੂਦਾ ਸਥਿਤੀ ਬਹੁਤੀ ਤਸੱਲੀਬਖਸ਼ ਨਹੀਂ ਹੈ। ਉਹਨਾਂ ਨੇ ਦੇਸ਼ ਦੀਆਂ ਵੱਖ-ਵੱਖ ਅਕਾਦ-ਮੀਆਂ, ਸਭਾਵਾਂ ਅਤੇ ਯੂਨੀਵਰਸਿਟੀਆਂ ਆਦਿ ਦੇ ਹਵਾਲੇ ਨਾਲ ਪੰਜਾਬੀ ਪੁਸਤਕਾਂ ਦੀਆਂ ਪ੍ਰਕਾਸ਼ਨਾਵਾਂ ਦੇ ਬੜੇ ਵਿਸਥਾਰ ਨਾਲ ਵੇਰਵੇ ਦੱਸੇ। ਜਿਹਨਾਂ ਵਿਚੋਂ ਅੱਜ ਵੀ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਵਿਚ ਸਭ ਤੋਂ ਅੱਗੇ ਹੈ। ਇਸ ਵਿਚ ਡਾ. ਬੱਦਨ ਦਾ ਵਡਮੁੱਲਾ ਯੋਗਦਾਨ ਹੈ। ਉਹਨਾਂ ਨੇ ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਅਨੁਵਾਦ ਦੇ ਵੱਖਰੇ ਵਿਭਾਗ ਖੋਲ੍ਹਣ 'ਤੇ ਜ਼ੋਰ ਦਿੱਤਾ ਤਾਂ ਕਿ ਹੋਰ ਭਾਸ਼ਾਵਾਂ ਦੇ ਸਾਹਿਤ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਪਾਠਕਾਂ ਦੇ ਹੱਥਾਂ 'ਚ ਪੁੱਜਦਾ ਕੀਤਾ ਜਾ ਸਕੇ। 164 ਪੁਸਤਕਾਂ ਤੋਂ ਵੱਧ ਲਿਖਣ ਵਾਲੇ ਲਿਖਾਰੀ ਡਾ. ਬਲਦੇਵ ਸਿੰਘ ਬੱਦਨ ਦੀਆਂ 4 ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਜਿਹਨਾਂ ਦੇ ਨਾਂ 'ਸ਼ਹਾਦਤ ਹਸਨ ਮੰਟੋ ਦੀ ਜੀਵਨੀ', 'ਸ਼ਬਦ ਸੁਰਮੇ ਚਾਨਣ ਦੇ ਵਣਜਾਰੇ', ਪੰਜਾਬੀ ਸੂਫੀ ਕਾਵਿ ਧਾਰਾ ਅਤੇ ਸ਼ੇਖ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਧੂਰੀ ਸੰਗਰੂਰ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਨੇ ਪੰਜਾਬ 'ਚ ਪੰਜਾਬੀ ਤੇ ਪੰਜਾਬੀ ਸਾਹਿਤ ਦੀ ਸਥਿਤੀ ਤੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਸਭਾ ਦੇ ਪ੍ਰਧਾਨ ਰੂਪ ਲਾਲ ਰੂਪ ਨੇ ਸਾਹਿਤ ਸਭਾ ਦੀਆ ਗਤੀਵਿਧੀਆਂ 'ਤੇ ਵੇਰਵੇ ਸਹਿਤ ਚਾਨਣਾ ਪਾਇਆ। ਸਭਾ ਦੇ ਮੈਂਬਰਾਂ ਦੀ ਵਧਦੀ ਗਿਣਤੀ 'ਤੇ ਉਹਨਾਂ ਤਸੱਲੀ ਪ੍ਰਗਟ ਕੀਤੀ। ਪ੍ਰੋ. ਹਰਦੀਪ ਰਾਜਾ ਰਾਮ, ਡਾ. ਬਲਦੇਵ ਬੱਦਨ ਦੇ ਜੀਵਨ ਰਚਨਾ ਤੇ ਪਰਚਾ ਪੜ੍ਹਿਆ। ਡਾ. ਬੱਦਨ ਨੂੰ ਚਿੰਤਨ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪਵਨ ਹਰਚੰਦਪੁਰੀ ਅਤੇ ਸੀਮਾ ਫਿਰੋਜ਼ਪੁਰ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਸਮਾਪਤੀ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ। ਜਿਸ ਵਿਚ ਮੋਹਨ ਬੋਲੀਨਾ, ਰਾਜਿੰਦਰ ਪਰਦੇਸੀ, ਆਸ਼ੀ ਈਸਪੁਰੀ, ਮਦਨ ਬੰਗੜ, ਚਰਨ ਸੀਚੇਵਾਲ, ਉਂਕਾਰ ਸਿੰਘ, ਕਰਤਾਰ ਸਿਘ, ਗੁਰਨਾਮ ਸਿੰਘ ਵੱਲੋਂ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਇਸ ਮੌਕੇ ਸ਼ੀਤਲ ਕੌਰ, ਦਲਵੀਰ ਕੋਰ ਅਟਵਾਲ ਹਾਜ਼ਰ ਸਨ। ਸਭਾ ਦੇ ਜਨਰਲ ਸਕੰਤਰ ਹਰਮੀਤ ਸਿੰਘ ਅਟਵਾਲ ਨੇ ਮੰਚ ਸੰਚਾਲਨ ਕਰਦਿਆਂ ਡਾ. ਬੱਦਨ ਦੇ ਨਾਲ ਨਾਲ ਸਮੁੱਚੇ ਪੰਜਾਬੀ ਸਾਹਿਤ ਦੀ ਮੌਜੂਦਾ ਸਥਿਤੀ ਤੇ ਵਿਸ਼ੇਸ਼ ਆਤਮਕ ਵਿਚਾਰ ਪੇਸ਼ ਕੀਤੇ। ਇਸ ਮੌਕੇ ਕੁੰਦਨ ਲਾਲ ਬੱਧਣ ਤੇ ਪ੍ਰਸਿੱਧ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਵੀ ਹਾਜ਼ਰ ਸਨ।






**ਰਿਪੋਰਟ– ਮਦਲ ਬੰਗੜ** (91-95015-75511)

# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਨੇ ਮਨਾਇਆ ਨਵਾਂ ਸਾਲ

## ਸਾਲ 2017 ਨੂੰ ਖੁਸ਼ੀ ਖੁਸ਼ੀ ਅਲਵਿਦਾ ! ਨਵੇਂ ਸਾਲ 2018 ਨੂੰ ਜੀ ਆਇਆਂ !!








**ਨਿਊਯਾਰਕ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਵੇਂ ਸਾਲ ਦੀ ਖੁਸ਼ੀ ਵਿਚ ਗੁਰੂ ਘਰ ਵਿਖੇ ਕੀਰਤਨ ਦੀਵਾਨ ਸਜਾਏ ਅਤੇ ਭੋਗ ਪਾਏ ਗਏ। ਗੁਰੂ ਘਰ ਦੇ ਮੁੱਖ ਗ੍ਰੰਥੀ ਬਾਬਾ ਬ੍ਰਹਮ ਦਾਸ ਜੀ ਅਤੇ ਸਹਾਇਕ ਗ੍ਰੰਥੀ ਗਿਆਨੀ ਭਾਈ ਦਰਸ਼ਨ ਸਿੰਘ ਜੀ ਤੋਂ ਇਲਾਵਾ ਬੀਬੀ ਪ੍ਰਮਜੀਤ ਕੌਰ ਲੁਧਿਆਣੇ ਵਾਲਿਆਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਦਾ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਜਿਉਂ ਹੀ ਰਾਤ ਦੇ 12 ਵਜੇ ਤੇ ਨਵਾਂ ਸਾਲ 2018 ਚੜ੍ਹਿਆ ਤਾਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਤੇ ਫੁੱਲਾਂ ਦੀ ਵਰਖਾ ਕੀਤੀ। ਗੁਰੂ ਘਰ ਦੇ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸੰਬੋਧਨ ਹੁੰਦਿਆਂ ਜਿੱਥੇ 2017 ਨੂੰ ਖੁਸ਼ੀ ਖੁਸ਼ੀ ਅਲਵਿਦਾ ਕਿਹਾ ਤੇ ਉਸ ਦੇ ਨਾਲ ਹੀ ਬਹੁਤ ਹੀ ਪ੍ਰਸੰਨਤਾ ਨਾਲ ਨਵਾਂ ਸਾਲ 2018 ਨੂੰ ਜੀ ਆਇਆਂ ਆਖਦਿਆਂ ਸਮੂਹ ਗੁਰੂ ਪਿਆਰ ਸੰਗਤ ਨੂੰ ਬੜੀ ਨਿਮਰਤਾ ਸਹਿਤ ਨਵੇਂ ਸਾਲ ਦੀ ਵਧਾਈ ਦਿੰਦਿਆਂ ਅਕਾਲਪੁਰਖ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਇਹ ਨਵਾਂ ਸਾਲ 2018 ਆਉਣ ਵਾਲੇ ਸਮੇਂ ਵਿਚ ਵਾਹਿਗੁਰੂ ਹਰ ਘਰ, ਪਰਿਵਾਰ, ਸਮਾਜ 'ਚ ਖੁਸ਼ੀਆਂ ਹੀ ਖੁਸ਼ੀਆਂ ਦੇ ਖੇੜੇ ਲਿਆਵੇ।

ਇਸ ਦੇ ਨਾਲ ਹੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਬਲਵੀਰ ਚੌਹਾਨ ਜੀ ਨੇ ਵੀ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ ਤੇ ਸਭਨਾਂ ਲਈ ਸਤ-ਸੰਤੋਖ ਤੇ ਇਤਫਾਕ ਲਈ ਵਾਹਿਗੁਰੂ ਅੱਗੇ ਬੇਨਤੀ ਕੀਤੀ। ਸ੍ਰੀ ਚੌਹਾਨ ਨੇ ਸਮੂਹ ਸੰਗਤ ਦਾ ਰਲ-ਮਿਲ ਬੈਠ ਕੇ ਨਵੇਂ ਸਾਲ ਦੀ ਆਮਦ ਤੇ ਗੁਰੂ ਘਰ ਹਾਜ਼ਰੀਆਂ ਭਰਨ ਲਈ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸਟੇਜ ਸਕੱਤਰ ਸੂਬੇਦਾਰ ਖੁਸ਼ੀਆ ਸਿੰਘ ਜੀ ਨੇ ਬਾਖੂਬੀ ਨਾਲ ਨਿਭਾਈ।

ਗੁਰੂ ਘਰ ਵੱਲੋਂ ਸਮੇਂ-ਸਮੇਂ ਉਲੀਕੇ ਜਾ ਰਹੇ ਪ੍ਰੋਗਰਾਮਾਂ ਬਾਰੇ ਸਟੇਜ ਤੋਂ ਹਰ ਐਤਵਾਰ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ, ਫਿਰ ਵੀ ਕੋਈ ਗੁਰੂ ਘਰ ਨਹੀਂ ਆ ਸਕਿਆ ਤਾਂ ਗੁਰੂ ਘਰ ਨਾਲ 929-462-0108 ਤੇ ਸੰਪਰਕ ਕਰ ਸਕਦੇ ਹੋ।




# ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

## ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਹੋਏ ਤੇ ਨਵਾਂ ਸਾਲ 2018ਦੀ ਆਮਦ ਤੇ ਸੰਗਤਾਂ ਦਾ ਭਾਰੀ ਇਕੱਠ













ਰਿਪੋਰਟ ਅਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









**ਸੈਕਰਾਮੈਂਟੋ (ਡੀ. ਡੀ. ਬੀ.)–** ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਖੇ ਸਾਹਿਬ-ਏ-ਕਮਾਲ ਸਰਬੰਸਦਾਨੀ, ਸੰਤ ਸਿਪਾਹੀ, ਦਸਵੇਂ ਨਾਨਕ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵ ਨਾਲ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਮਨਾਇਆ। ਇਸ ਸਬੰਧਤ 25 ਦਸੰਬਰ ਦਿਨ ਸੋਮਵਾਰ ਨੂੰ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਕੀਰਤਨ ਦੀਵਾਨ ਸਜਾਏ ਗਏ।

ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੀਰਤਨ ਦੀਵਾਨ 26 ਦਸੰਬਰ ਦਿਨ ਮੰਗਲਵਾਰ ਤੋਂ 31 ਦਸੰਬਰ ਦਿਨ ਐਤਵਾਰ ਤੱਕ ਹੋਏ ਅਤੇ ਇਸ ਦੌਰਾਨ 29 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ 31 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਉਹਨਾਂ ਦੀ ਲਾਸਾਨੀ ਕੁਰਬਾਨੀ, ਖਾਲਸਾ ਪੰਥ ਦੀ ਸਥਾਪਨਾ ਅਤੇ ਉਹਨਾਂ ਦੇ ਚਾਰੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਲਾਸਾਨੀ ਕੁਰਬਾਨੀ ਨੂੰ ਨਤਮਸਤਕ ਹੁੰਦਿਆਂ ਸੰਗਤਾਂ ਨਾਲ ਸਾਂਝ ਪਾਈ, ਜਿਸ ਨੂੰ ਸੰਗਤਾਂ ਨੇ ਬੜੀ ਇਕਾਗਰਤਾ ਨਾਲ ਸਰਵਣ ਕੀਤਾ ਤੇ ਗੁਰੂ ਸਾਹਿਬ ਜੀ ਦੀ ਮਹਾਨ ਦੇਣ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੇ ਹਿਰਦੇ 'ਚ ਵਸਾਇਆ, ਜਿਹਨਾਂ ਦੀ ਬਦੌਲਤ ਅੱਜ ਸਿੱਖ ਪੰਥ ਦੇ ਇਸ ਸੰਸਾਰ 'ਚ ਨਿਸ਼ਾਨ ਝੂਲ ਰਹੇ ਹਨ ਤੇ ਝੂਲਦੇ ਰਹਿਣਗੇ।

ਇਸ ਤੋਂ ਇਲਾਵਾ ਨਵਾਂ ਸਾਲ 2018 ਦੀ ਆਮਦ ਨੂੰ ਮੁੱਖ ਰੱਖਦਿਆਂ 29 ਦਸੰਬਰ ਦੀ ਸ਼ਾਮ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਤੇ 31 ਦਸੰਬਰ ਦਿਨ ਐਤਵਾਰ ਸ਼ਾਮ 6 ਵਜੇ ਭੋਗ ਪਾਏ ਗਏ ਅਤੇ ਇਸ ਉਪਰੰਤ ਸ਼ਾਮ 7 ਵਜੇ ਤੋਂ ਲੈ ਕੇ ਰਾਤੀ 12 ਵੱਜ ਕੇ ਪੰਜ ਮਿੰਟ ਤੱਕ ਨਵੇਂ ਸਾਲ ਦੀ ਖੁਸ਼ੀ ਵਿਚ ਕੀਰਤਨ ਦਰਬਾਰ ਸਜਾਏ ਗਏ, ਜਿਸ ਦੌਰਾਨ ਪ੍ਰਸਿੱਧ ਕੀਰਤਨੀ ਜਥਿਆਂ ਅਤੇ ਢਾਡੀ ਜਥਿਆਂ ਨੇ ਸ਼ਬਦ ਗਾਇਨ ਅਤੇ ਧਾਰਮਿਕ ਸਿੱਖ ਇਤਿਹਾਸਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

31 ਦਸੰਬਰ ਦਿਨ ਐਤਵਾਰ ਨੂੰ ਸੰਡੇ ਸਕੂਲ ਦੇ ਬੱਚਿਆਂ ਨੇ ਸ਼ਾਮ 7 ਤੋਂ 8 ਵਜੇ ਤੱਕ ਕੀਰਤਨ ਕੀਤਾ, ਬੱਦੋਵਾਲ ਬੀਬੀਆਂ ਦੇ ਢਾਡੀ ਜਥੇ ਨੇ ਸ਼ਾਮ 8 ਵਜੇ ਤੋਂ 9 ਵਜੇ ਤੱਕ ਸਿੱਖ ਇਤਿਹਾਸ ਨਾਲ ਸਬੰਧਤ ਵਾਰਾਂ ਗਾਈਆਂ ਤੇ ਇਹਨਾਂ ਤੋਂ ਇਲਾਵਾ ਸਾਬਕਾ ਹਜ਼ੂਰੀ ਰਾਗੀ ਜਥੇ ਭਾਈ ਮਨਮੋਹਨ ਸਿੰਘ ਅਤੇ ਭਾਈ ਜਸਪਾਲ ਸਿੰਘ ਤੋਂ ਇਲਾਵਾ ਭਾਈ ਹਰਪ੍ਰੀਤ ਸਿੰਘ ਤੇ ਸਮੂਹ ਰਾਗੀ ਜਥੇ ਭਾਈ ਸਰਬਜੀਤ ਸਿੰਘ ਜੀ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੰਗਤਾਂ ਨਾਲ ਦੀਵਾਨ ਹਾਲ, ਲੰਗਰ ਹਾਲ ਤੇ ਬਾਹਰ ਸੰਗਤਾਂ ਦਾ ਕਾਫੀ ਭਰਵਾਂ ਇਕੱਠ ਦੇਖਣ ਨੂੰ ਮਿਲਿਆ। ਹਰ ਗੁਰਸਿੱਖ ਦੇ ਮਨ ਅੰਦਰ ਇਹੀ ਦਿਲੀ ਸ਼ਰਧਾ ਹੁੰਦੀ ਹੈ ਕਿ ਜਾ ਰਹੇ ਸਾਲ ਨੂੰ ਖੁਸ਼ੀ ਖੁਸ਼. ਅਲਵਿਦਾ ਕਹੀਏ ਤੇ ਆਉਣ ਵਾਲੇ ਨਵੇਂ ਸਾਲ ਨੂੰ ਜੀ ਆਇਆਂ ਆਖਣ ਲਈ ਗੁਰੂ ਘਰ ਜਾਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਸ੍ਰੀ ਅਕਾਲ ਪੁਰਖ ਦਾ ਸ਼ੁਕਰਾਨਾ ਕਰੀਏ ਤੇ ਕਰਦੇ ਰਹਿਣ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਨਵੇਂ ਸਾਲ 'ਚ ਵਧੀਆ ਕਰ ਸਕਣ ਦਾ ਪ੍ਰਣ ਲੈ ਕੇ ਖੁਸ਼ੀ ਖੁਸ਼ੀ ਘਰਾਂ ਨੂੰ ਆਈਏ ਤੇ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਦੇ ਨਾਲ ਨਾਲ ਸ੍ਰੀ ਵਾਹਿਗੁਰੂ ਦਾ ਜਾਪ ਕਰਦੇ ਰਹੀਏ। ਜਿਉਂ-ਜਿਉਂ ਰਾਗੀ ਜਥੇ ਰਸਭਿੰਨਾ ਸ਼ਬਦ ਗਾਇਨ ਕਰਦੇ ਜਾਰਹੇ ਸਨ ਤੇ ਸੰਗਤਾਂ ਦੀ ਲਿਵ ਤਿਉਂ-ਤਿਉਂ ਹੋਰ ਡੂੰਘੇਰੀ ਹੁੰਦੀ ਜਾ ਰਹੀ ਸੀ:

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂੰ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥

ਰਹਮ ਤੇਰੀ ਸੁਖੁ ਪਾਇਆ
ਸਦਾ ਨਾਨਕ ਕੀ ਅਰਦਾਸਿ

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ
ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਹਮਰਾ ਠਾਕੁਰੁ ਸਭ ਤੇ ਊਚਾ
ਰੈਣਿ ਦਿਨਸੁ ਤਿਸੁ ਗਾਵਉਰੇ॥
ਤੂੰ ਸਾਜਨ ਤੂੰ ਪ੍ਰੀਤਮੁ ਮੇਰਾ
ਤੂੰ ਜੀਵਨ ਤੂੰ ਪ੍ਰਾਨ ਅਧਾਰਾ॥

ਆਦਿ ਅਨੇਕਾਂ ਗੁਰਬਾਣੀ ਸ਼ਬਦਾਂ ਨਾਲ ਹਾਜ਼ਰੀਆਂ ਭਰਦਿਆਂ ਵੱਖ ਵੱਖ ਰਾਗੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਜਿਉਂ ਹੀ ਨਵਾਂ ਸਾਲ ਚੜਿਆ ਸਭ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਜਦਾ ਕੀਤਾ ਤੇ ਸਭ ਇਕ-ਦੂਜੇ ਨੂੰ ਮਿਲ ਕੇ ਨਵੇਂ ਸਾਲ ਦੀਆਂ ਦਿਲੀ ਹਾਰਦਿਕ ਵਧਾਈਆਂ ਦੇਣ ਲੱਗੇ ਜੋ ਦ੍ਰਿਸ਼ ਕਾਬਿਲ-ਏ-ਤਾਰੀਫ ਸੀ। ਵਾਹਿਗੁਰੂ ਇਸੇ ਤਰ੍ਹਾਂ ਸਭ ਸਿਖਨ ਨੂੰ ਇੱਕਮੁਠ ਰਹਿਣ ਦੀ ਬਖਸ਼ਿਸ਼ ਕਰੇ।

ਨਵਾਂ ਸਾਲ ਚੜ੍ਹਨ ਤੋਂ ਤਕਰੀਬਨ 5 ਮਿੰਟ ਪਹਿਲਾਂ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ ਤੇ ਨਵਾਂ ਸਾਲ 2018 ਚੜ੍ਹਨ ਸਮੇਂ, ਨਵੇਂ ਸਾਲ ਨੂੰ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੇ ਨਾਲ ਸਮੂਹ ਸੰਗਤਾਂ ਨੇ ਜੀਅ ਆਇਆਂ ਆਖਿਆ।

ਸਟੇਜ ਦੀ ਸੇਵਾ ਸ. ਮਹਿੰਦਰ ਸਿੰਘ ਸੰਧੂ ਨੇ ਬਾਖੂਬੀ ਨਾਲ ਨਿਭਾਈ ਤੇ ਪ੍ਰਬੰਧਕ ਕਮੇਟੀ ਵੱਲੋਂ ਸ. ਦਰਸ਼ਨ ਸਿੰਘ ਮੁੰਡੀ ਜੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਵਧਾਈ ਦਿੰਦਿਆਂ ਸ੍ਰੀ ਅਕਾਲ ਪੁਰਖ ਨੂੰ ਬੇਨਤੀ ਕੀਤੀ ਕਿ ਸਭ ਲਈ ਖੁਸ਼ੀਆਂ ਭਰਿਆ ਸਾਲ ਲੰਘਾਈਂ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।